Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 105 | Monday, May 30, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


# ਕੈਨੇਡਾ ਵਿਚ ਹਿੰਸਕ ਗੰਨ ਕ੍ਰਾਈਮ ਸਿਖ਼ਰ 'ਤੇ : ਸਟੈਟਕੈਨ

## ਹਥਿਆਰਾਂ ਸਬੰਧੀ ਨਵਾਂ ਬਿੱਲ ਪੇਸ਼ ਕਰਨ ਦੀ ਤਿਆਰੀ ਵਿੱਚ ਫੈਡਰਲ ਸਰਕਾਰ



ਓਟਵਾ, 29 ਮਈ (ਪੋਸਟ ਬਿਊਰੋ) : ਕਈ ਸਾਲਾਂ ਤੱਕ ਘੱਟ ਰਹਿਣ ਤੋਂ ਬਾਅਦ ਇਸ ਸਮੇਂ ਕੈਨੇਡਾ ਵਿੱਚ ਹਥਿਆਰਾਂ ਨਾਲ ਸਬੰਧਤ ਜੁਰਮ ਆਪਣੇ ਸਿਖਰ ਉੱਤੇ ਹੈ। ਇਸ ਤਰ੍ਹਾਂ ਦੀਆਂ ਹਿੰਸਕ ਗਤੀਵਿਧੀਆਂ ਵਿੱਚ ਹੈਂਡਗੰਨਜ਼ ਦੇ ਬਹੁਤੇ ਮਾਮਲੇ ਸਾਹਮਣੇ ਆਏ ਹਨ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਦੀ ਤਾਜ਼ਾ ਰਿਪੋਰਟ ਤੋਂ ਹੋਇਆ ਹੈ।

ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਇਸ ਰਿਪੋਰਟ ਵਿੱਚ 2009 ਤੋਂ 2014 ਅਤੇ 2015 ਤੋਂ 2020 ਤੱਕ ਦੋ ਅਰਸਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਰਿਪੋਰਟ ਵਿੱਚ ਦਰਸਾਇਆ ਗਿਆ ਹੈ ਕਿ 2009 ਵਿੱਚ ਹਿੰਸਕ ਜੁਰਮ ਦੀ ਦਰ 100,000 ਲੋਕਾਂ ਪਿੱਛੇ 29 ਫੀ ਸਦੀ ਸੀ। 2013 ਵਿੱਚ ਇਸ ਗਿਣਤੀ ਵਿੱਚ ਕਮੀ ਆਈ ਤੇ ਇਹ ਦਰ 19 ਫੀ ਸਦੀ ਰਹਿ ਗਈ। ਇਸ ਤੋਂ ਬਾਅਦ ਵੀ ਹਿੰਸਕ ਗਤੀਵਿਧੀਆਂ ਵਿੱਚ ਕਮੀ ਬਣੀ ਰਹੀ ਪਰ 2020 ਵਿੱਚ ਇੱਕ ਵਾਰੀ ਫਿਰ ਇਹ ਹਿੰਸਕ ਦਰ 2020 ਤੱਕ ਪਹੁੰਚ ਗਈ।

2020 ਵਿੱਚ ਪੁਲਿਸ ਨੇ ਹਥਿਆਰਾਂ ਦੀ ਵਰਤੋਂ ਨਾਲ ਹੋਏ ਜੁਰਮ ਦੇ ਸ਼ਿਕਾਰ ਲੋਕਾਂ ਦੀ ਗਿਣਤੀ 8,344 ਦੱਸੀ। ਕੈਨੇਡਾ ਵਿੱਚ ਹਥਿਆਰਾਂ ਦੀ ਵਰਤੋਂ ਨਾਲ ਕੀਤੇ ਜਾਣ ਵਾਲੇ ਜੁਰਮ ਵਿੱਚ ਸੱਭ ਤੋਂ ਵੱਧ ਵਰਤੇ ਜਾਣ ਵਾਲੇ ਹਥਿਆਰ ਹੈਂਡਗੰਨਜ਼ ਹੀ ਪਾਈਆਂ ਗਈਆਂ, ਜਿਨ੍ਹਾਂ ਦੀ ਬਦੌਲਤ ਕੈਨੇਡਾ ਵਿੱਚ ਹਿੰਸਕ ਜੁਰਮ ਦੇ ਮਾਮਲੇ 59 ਫੀ ਸਦੀ ਦਰਜ ਕੀਤੇ ਗਏ। ਜਿਨ੍ਹਾਂ ਦੋਵਾਂ ਅਰਸਿਆਂ ਦੀ ਤੁਲਨਾ ਸਟੈਟਕੈਨ ਵੱਲੋਂ ਕੀਤੀ ਗਈ ਉਨ੍ਹਾਂ ਵਿੱਚ ਬਹੁਤੇ ਜੁਰਮ ਹੈਂਡਗੰਨਜ਼ ਦੀ ਮਦਦ ਨਾਲ ਹੀ ਕੀਤੇ ਗਏ। ਪਿਛਲੇ ਹਫਤੇ ਯੂਵਾਲਡੇ, ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਹੋਈ ਸ਼ੂਟਿੰਗ ਤੋਂ ਬਾਅਦ ਇਹ ਰਿਪੋਰਟ ਸਾਹਮਣੇ ਆਈ ਹੈ। ਇਸ ਸ਼ੂਟਿੰਗ ਵਿੱਚ 19 ਬੱਚੇ ਤੇ ਦੋ ਅਧਿਆਪਕ ਮਾਰੇ ਗਏ।

ਇਸ ਦੌਰਾਨ ਸੋਮਵਾਰ ਨੂੰ ਫੈਡਰਲ ਸਰਕਾਰ ਵੱਲੋਂ ਹਥਿਆਰਾਂ ਸਬੰਧੀ ਨਵਾਂ ਬਿੱਲ ਪੇਸ਼ ਕੀਤੇ ਜਾਣ ਦੀ ਵੀ ਸੰਭਾਵਨਾਂ ਹੈ। ਬਿੱਲ ਦਾ ਮਸੌਦਾ ਕੀ ਹੋਵੇਗਾ ਅਜੇ ਇਸ ਬਾਰੇ ਪੂਰੀ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ ਪਰ ਲਿਬਰਲ ਸਰਕਾਰ ਵੱਲੋਂ ਹਥਿਆਰਾਂ ਨੂੰ ਨਿਯੰਤਰਿਤ ਕਰਨ ਸਬੰਧੀ ਨਵੇਂ ਮਾਪਦੰਡ ਲਿਆਂਦੇ ਜਾਣ ਤੇ ਫੈਡਰਲ ਸਰਕਾਰ ਵੱਲੋਂ ਪਾਬੰਦੀਸ਼ੁਦਾ ਹਥਿਆਰਾਂ ਨੂੰ ਮੁੜ ਖਰੀਦਣ ਲਈ ਪ੍ਰੋਗਰਾਮ ਲਿਆਉਣ ਦੀ ਵੀ ਉਮੀਦ ਹੈ।

# ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦਾ ਦਿਨ ਦਿਹਾੜੇ ਗੋਲ਼ੀਆਂ ਮਾਰ ਕੇ ਕਤਲ

## * ਮੂਸੇਵਾਲਾ ਵੱਲੋਂ ਮੌਤ ਤੋਂ ਪਹਿਲਾਂ ਗਾਇਆ ਗੀਤ ਸੱਚ ਹੋ ਗਿਆ



ਮਾਨਸਾ,29 ਮਈ, (ਪੋਸਟ ਬਿਊਰੋ)- ਭਾਰਤ ਦੇ ਪ੍ਰਸਿੱਧ ਪੰਜਾਬੀ ਗਾਇਕ ਅਤੇ ਅਦਾਕਾਰ ਸ਼ੁਭਜੀਤ ਸਿੰਘ ਉਰਫ ਸਿੱਧੂਮੂਸੇਵਾਲਾ ਦਾ ਅੱਜ ਐਤਵਾਰ ਦਿਨ ਦਿਹਾੜੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਸਿੱਧੂਮੂਸੇਵਾਲਾ ਉੱਤੇ ਇਹ ਹਮਲਾ ਮਾਨਸਾ ਕੋਲ ਪਿੰਡ ਜਵਾਹਰਕੇ ਨੇੜੇ ਹੋਇਆ ਹੈ। ਗੋਲ਼ੀਆਂ ਲੱਗਣ ਕਾਰਨਸਿੱਧੂਮੂਸੇਵਾਲ ਗੰਭੀਰ ਜ਼ਖਮੀ ਹੋ ਗਏ ਤਾਂ ਉਨ੍ਹਾਂ ਨੂੰ ਤੁਰੰਤ ਮਾਨਸਾ ਦੇ ਸਰਕਾਰੀ ਹਸਪਤਾਲ ਦਾਖਲ ਕਰਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰਦਿੱਤਾ ਗਿਆ।ਸੂਤਰਾਂ ਮੁਤਾਬਕ ਇਸ ਵਾਰਦਾਤ ਦੌਰਾਨ ਹਮਲਾਵਰਾਂ ਨੇ 30 ਤੋਂ 35 ਤੱਕ ਫਾਇਰ ਕੀਤੇ, ਜਿਸ ਵਿੱਚੋਂਸਿੱਧੂ ਦੇ ਲਗਭਗ 20 ਗੋਲ਼ੀਆਂ ਲੱਗੀਆਂ।

ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੋ ਸਾਥੀਆਂ ਗੁਰਵਿੰਦਰ ਸਿੰਘ (ਗੁਆਂਢੀ) ਅਤੇ ਗੁਰਪ੍ਰੀਤ ਸਿੰਘ (ਚਚੇਰੇ ਭਰਾ) ਨਾਲ ਸ਼ਾਮ ਕਰੀਬ ਸਾਢੇ ਚਾਰ ਵਜੇ ਘਰੋਂ ਗਿਆ ਸੀ ਤੇ ਉਸ ਦਾ ਅਣਪਛਾਤੇ ਬੰਦਿਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।ਉਹਆਪਣੀ ਮਹਿੰਦਰਾ ਥਾਰ ਗੱਡੀ ਖੁਦ ਚਲਾ ਰਿਹਾ ਸੀ। ਨੇੜੇ ਪਿੰਡ ਜਵਾਹਰਕੇ ਦੇ ਮਾਤਾ ਰਾਣੀ ਚੌਂਕ ਵਿੱਚ ਸਿੱਧੂ ਮੂਸੇਵਾਲਾ ਦੀ ਗੱਡੀ ਜਾ ਰਹੀ ਸੀ ਤਾਂ ਅਚਾਨਕ ਕਾਲੇ ਰੰਗ ਦੀ ਇਨਡੈਵਰ ਗੱਡੀ ਵਿਚ ਸਵਾਰ ਕੁਝਲੋਕਾਂਨੇ ਉਨ੍ਹਾਂ ਉੱਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ, ਜਿਸਵਿੱਚ ਕਈ ਗੋਲੀਆਂ ਸਿੱਧੂ ਮੂਸੇਵਾਲਾ ਦੀ ਬਾਂਹ ਅਤੇ ਛਾਤੀ ਵਿਚ ਲੱਗੀਆਂ।

...ਬਾਕੀ ਪੰਨਾ 3 'ਤੇ

# ਯੂਕਰੇਨੀਅਨਜ਼ ਨੂੰ ਲੈ ਕੇ ਦੂਜਾ ਜਹਾਜ਼ ਮਾਂਟਰੀਅਲ ਪਹੁੰਚਿਆ



ਮਾਂਟਰੀਅਲ, 29 ਮਈ (ਪੋਸਟ ਬਿਊਰੋ) : ਆਪਣੇ ਦੇਸ਼ ਵਿੱਚ ਚੱਲ ਰਹੀ ਜੰਗ ਤੋਂ ਬਚਣ ਲਈ ਸੈਂਕੜੇ ਦੀ ਗਿਣਤੀ ਵਿੱਚ ਐਤਵਾਰ ਨੂੰ ਮਾਂਟਰੀਅਲ ਪਹੁੰਚੇ ਯੂਕਰੇਨੀਅਨਜ਼ ਦਾ ਸਵਾਗਤ ਕਰਨ ਲਈ ਦਰਜਨਾਂ ਲੋਕ ਹੱਥ ਵਿੱਚ ਗੁਬਾਰੇ ਤੇ ਫੁੱਲ ਲੈ ਕੇ ਏਅਰਪੋਰਟ ਉੱਤੇ ਖੜ੍ਹੇ ਸਨ। ਇਹ ਸਾਰੇ ਯੂਕਰੇਨ ਵਾਸੀ ਮੁੜ ਕੈਨੇਡਾ ਵਿੱਚ ਆਪਣੀਆਂ ਜ਼ਿੰਦਗੀਆਂ ਸੰਵਾਰਨ ਦਾ ਇਰਾਦਾ ਲੈ ਕੇ ਮਾਂਟਰੀਅਲ ਪਹੁੰਚੇ ਹਨ।

...ਬਾਕੀ ਪੰਨਾ 3 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

SAMSUNG BUY 2 OR MORE APPLIANCES
OURR HOME & APPLIANCES
EXCLUSIVE
NO TAX
EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

" LET US ONCE AGAIN, DELIVER FOR YOU "

ELECT

HARDEEP
# GREWAL
CANDIDATE FOR **BRAMPTON-EAST**



"ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

# EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਚਰਚਾ ਰੂਸ ਦੇ ਹਮਲੇ ਦੀ ਗਾਇਬ ਹੋ ਗਈ,
ਉਸ ਦੀ ਗੱਲ ਜਿਹੀ ਕੋਈ ਨਹੀਂ ਕਰੇ ਬੇਲੀ।
ਨਿੱਬੜੀ ਜੰਗ ਨਹੀਂ, ਨਿਕਲਿਆ ਹੱਲ ਨਾਹੀਂ,
ਮਸਲਾ ਬਹਿਸਾਂ ਤੋਂ ਚਲਾ ਗਿਆ ਪਰੇ ਬੇਲੀ।
ਲਾਈਆਂ ਰੋਕਾਂ ਸੀ ਜਿਹੜਿਆਂ ਰੂਸ ਉੱਪਰ,
ਉਨ੍ਹਾਂ ਦੇ ਅਸਰ ਹਨ ਰਹਿ ਗਏ ਧਰੇ ਬੇਲੀ।
ਲਾਉਣ ਰੋਕਾਂ ਫਿਰ ਰੂਸ ਤੋਂ ਕਣਕ ਮੰਗਣ,
ਰਿਸ਼ਤਿਆਂ ਬਿਨਾਂ ਨਾ ਬੁੱਤਾ ਵੀ ਸਰੇ ਬੇਲੀ।
ਚਾਬੀਆਂ ਭਰੀ ਜਾਂਦੇ ਈ ਯੂਕਰੇਨੀਆਂ ਲਈ,
ਦੇ ਰਹੇ ਹਥਿਆਰ ਜਾਂ ਭੇਜ ਰਹੇ ਫੰਡ ਬੇਲੀ।
ਬਾਹਰੀ ਚਾਬੀ ਫਸਾਇਆ ਉਹ ਦੇਸ਼ ਡਾਢਾ,
ਤੁਰ ਪਿਆ ਚੁੱਕ ਉਹ ਦੁੱਖਾਂ ਦੀ ਪੰਡ ਬੇਲੀ।

**ਤੀਸ ਮਾਰ ਖਾਂ**

# ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦਾ ਦਿਨ ਦਿਹਾੜੇ ਗੋਲ਼ੀਆਂ ਮਾਰ ਕੇ ਕਤਲ

ਪੰਨਾ 1 ਦਾ ਬਾਕੀ

ਉਨ੍ਹਾਂ ਨਾਲ ਥਾਰ ਵਿੱਚ ਬੈਠੇ ਗੁਰਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਤੇ ਗੁਰਪ੍ਰੀਤ ਸਿੰਘ ਪੁੱਤਰ ਲਾਲ ਸਿੰਘ ਵਾਸੀ ਮੂਸਾ ਵੀ ਜਖ਼ਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲਮਾਨਸਾਲਿਜਾਇਆ ਗਿਆ, ਜਿੱਥੇ ਸਿੱਧੂਮੂਸੇਵਾਲਾ ਨੂੰ ਮ੍ਰਿਤਕ ਐਲਾਨ ਕਰਦਿੱਤਾ ਗਿਆ। ਇਸ ਦੀ ਖ਼ਬਰ ਮਿਲਦੇਸਾਰ ਸਿਵਲ ਹਸਪਤਾਲ ਵਿੱਚ ਕਾਂਗਰਸੀ ਵਰਕਰਾਂ ਤੇ ਸਿੱਧੂ ਦੇ ਸਮੱਰਥਕਾਂ ਦੀ ਭੀੜ ਲੱਗ ਗਈ, ਜਿਨ੍ਹਾਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਸਿਵਲ ਹਸਪਤਾਲ ਵਿੱਚ ਸਿੱਧੂਮੂਸੇਵਾਲਾ ਦੀ ਮਾਤਾ ਅਤੇ ਪਿੰਡ ਮੂਸਾ ਦੀ ਸਰਪੰਚ ਚਰਨਜੀਤ ਕੌਰ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਨੇਸਾਜ਼ਿਸ਼ ਹੇਠ ਉਸ ਦੇ ਲੜਕੇ ਉਪਰ ਜਾਣਬੁੱਝ ਕੇ ਹਮਲਾ ਕਰਵਾਇਆ ਹੈ।

ਜ਼ਿਲਾ ਮਾਨਸਾ ਦੇ ਪਿੰਡ ਮੂਸਾ ਵਿੱਚਪੈਦਾ ਹੋਏ ਸ਼ੁਭਦੀਪ ਸਿੰਘ ਸਿੱਧੂ ਨੇ ਚੇਤਨ ਸਿੰਘ ਸਰਵਹਿੱਤਕਾਰੀ ਵਿੱਦਿਆ ਮੰਦਰ ਮਾਨਸਾ ਤੋਂ ਬਾਰ੍ਹਵੀਂ ਤੱਕ ਪੜ੍ਹਾਈ ਨਾਨ-ਮੈਡੀਕਲ ਨਾਲ ਕੀਤੀ ਤੇ ਫਿਰ ਗ੍ਰੈਜੂਏਸ਼ਨ ਕਰਨ ਪਿੱਛੋਂ ਇੱਕ ਸਾਲ ਦਾ ਡਿਪਲੋਮਾ ਕੈਨੇਡਾਤੋਂ ਕਰਨ ਦੇ ਨਾਲ ਗਾਇਕੀ ਵਿੱਚ ਹੱਥਅਜ਼ਮਾਉਣੇ ਸ਼ੁਰੂ ਕੀਤੇ।ਛੇਤੀ ਹੀ ਉਸ ਨੇ ਪੰਜਾਬੀ ਸੰਗੀਤ ਜਗਤ ਵਿੱਚ ਵਧੀਆ ਥਾਂ ਬਣਾ ਲਈ। ਇਕ ਸਮੇਂ ਵਿਦਿਆਰਥੀ ਹੁੰਦੇ ਹੋਏ ਪੰਜਾਬ ਦੇ ਇੱਕ ਕਾਲਜ ਕੈਂਪਸ ਵਿੱਚ ਇੱਕ ਚੈਨਲ ਦੇ ਹੋਸਟ ਵਿਦਿਆਰਥੀਆਂ ਨਾਲ ਗੱਲ ਕਰ ਰਹੇ ਸਨ ਤਾਂ ਸ਼ੁਭਦੀਪ ਸਿੰਘ ਸਿੱਧੂ ਭੀੜਤੋਂ ਨਿਕਲ ਕੇ ਆਇਆ ਤੇ ਗਾਣਾ ਗਾਇਆ, ਜਿਸ ਉੱਤੇ ਵਿਦਿਆਰਥੀਆਂ ਨੇ ਤਾੜੀਆਂ ਵਜਾਈਆਂ। ਉਦੋਂ ਸਿੱਧੂ ਨੂੰ ਆਪਣੇ ਬਾਰੇ ਖੁਦ ਦੱਸਣਾ ਪੈਂਦਾ ਸੀ, ਪਰ ਅੱਜਕੱਲ੍ਹ ਪੰਜਾਬੀ ਗਾਇਕੀ ਵਿੱਚਸਿੱਧੂਮੂਸੇਵਾਲਾ ਦਾ ਨਾਂ ਹਰ ਪਾਸੇ ਬੋਲਦਾ ਸੀ।

ਚਾਰ ਕੁ ਸਾਲ ਪਹਿਲਾਂ ਪੰਜਾਬੀ ਸੰਗੀਤ ਜਗਤ ਵਿੱਚ ਆਏ ਸ਼ੁਭਦੀਪ ਸਿੰਘ ਸਿੱਧੂ ਤੇਜ਼ੀ ਨਾਲ ਸਿੱਧੂਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੋਏ ਤੇ ਉਨ੍ਹਾਂ ਦੇ ਗਾਏ ਕਈ ਗੀਤ ਨੌਜਵਾਨਾਂ ਦੀ ਜ਼ੁਬਾਨ ਉੱਤੇ ਚੜ੍ਹਨ ਪਿੱਛੋਂ ਲੋਕ ਉਨ੍ਹਾਂ ਦੇ ਗੀਤਾਂ ਨੂੰ ਬੇਸਬਰੀ ਨਾਲ ਉਡੀਕਦੇ ਸਨ।ਸਿੱਧੂਮੂਸੇਵਾਲਾ ਉੱਤੇਇਨ੍ਹਾਂ ਗਾਣਿਆਂ ਰਾਹੀਂ ਗੰਨ ਕਲਚਰ ਨੂੰ ਹੱਲਾਸ਼ੇਰੀ ਦੇਣ ਦੇ ਦੋਸ਼ ਲਾ ਕੇ ਆਲੋਚਨਾ ਹੋਈ ਤੇ ਕੇਸ ਵੀ ਦਰਜ ਹੋਏ। ਉਨ੍ਹਾਂ ਦੇ 'ਸਾਡਾ ਚੱਲਦਾ ਹੈ ਧੱਕਾ, ਅਸੀਂ ਤਾਂ ਕਰਦੇ...', 'ਗੱਭਰੂ ਉੱਤੇ ਕੇਸ ਜਿਹੜਾ ਸੰਜੇ ਦੱਤ ਉੱਤੇ...', 'ਡਾਲਰਾਂ ਵਾਗੂੰ ਨੀਂ ਨਾਮ ਸਾਡਾ ਚੱਲਦਾ, ਅਸੀਂ ਪੁੱਤ ਡਾਕੀਆਂ ਦੇ...', '295 ਏ' ਅਤੇ ਥੋੜ੍ਹੇ ਦਿਨ ਪਹਿਲਾਂ ਆਇਆ 'ਲਾਸਟ ਰਾਈਡ' ਗੀਤ ਸਣੇਪੰਜਾਬੀ ਸੰਗੀਤ ਜਗਤ ਨੂੰ ਦਿੱਤੇ ਕਈ ਗਾਣੇ ਹਿੱਟ ਹੋਏ।ਸਿੱਧੂ ਉੱਤੇ ਏ ਕੇ-47 ਚਲਾਉਣ ਦਾ ਕੇਸ ਵੀ ਬਣਿਆ ਸੀ। ਕੁਝ ਦਿਨ ਪਹਿਲਾਂ ਆਏ 'ਲਾਸਟ ਰਾਈਡ' ਨਾਂ ਦੇ ਗੀਤ ਦੇ ਬੋਲ'ਚੋਬਰ ਦੇ ਚਿਹਰੇ ਉੱਤੇ ਨੂਰ ਦੱਸਦਾ, ਇਹਦਾ ਉੱਠੇਗਾ ਜਵਾਨੀ ਵਿੱਚ ਜਨਾਜ਼ਾ...' ਮਸ਼ਹੂਰ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੀ ਆਪਣੀ ਜ਼ਿੰਦਗੀ ਵਿੱਚ ਸੱਚ ਸਾਬਿਤ ਹੋ ਗਏ ਹਨ।

# ਮੂਸੇਵਾਲਾ ਦੇ ਕਤਲ ਦੀ ਹਰ ਪਾਸੇ ਨਿੰਦਾ: ਮੁੱਖ ਮੰਤਰੀ ਮਾਨ ਨੇ ਕਿਹਾ, ਕੋਈ ਵੀ ਕਾਤਲ ਬਖ਼ਸ਼ਿਆ ਨਹੀਂ ਜਾਵੇਗਾ

ਚੰਡੀਗੜ੍ਹ, 29 ਮਈ, (ਪੋਸਟ ਬਿਊਰੋ)- ਪੰਜਾਬ ਦੇ ਮਸ਼ਹੂਰ ਗਾਇਕ ਸਿੱਧੂਮੂਸੇਵਾਲਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤੇਜਾਣ ਪਿੱਛੋਂ ਹਰ ਪਾਸੇ ਤੋਂ ਇਸ ਕਤਲ ਦੀ ਨਿੰਦਾ ਕੀਤੀ ਗਈ ਹੈ, ਜਦ ਕਿ ਵਿਰੋਧੀ ਪਾਰਟੀਆਂ ਨੇ ਇਸ ਕਤਲ ਨੂੰ ਲੈ ਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਨੂੰ ਦੋਸ਼ੀ ਠਹਿਰਾਇਆ ਹੈ। ਵਰਨਣ ਯੋਗ ਹੈ ਕਿ ਅਣਪਛਾਤੇ ਬੰਦਿਆਂ ਨੇ ਅੱਜ ਸਿੱਧੂ ਮੂਸੇਵਾਲਾ ਨੂੰ ਮਾਨਸਾ ਜ਼ਿਲੇ ਦੇ ਪਿੰਡ ਜਵਾਹਰਕੇ ਵਿੱਚਗੋਲੀਆਂ ਮਾਰ ਕੇ ਮਾਰ ਦਿੱਤਾ ਹੈ।

ਇਸ ਕਤਲ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਕਿਹਾ ਕਿ 'ਸਿੱਧੂਮੂਸੇਵਾਲਾ ਦੇ ਬੇਹੱਦ ਭਿਆਨਕ ਕਤਲ ਤੋਂ ਡੂੰਘੇ ਦੁੱਖ ਅਤੇ ਸਦਮੇ ਵਿੱਚ ਹਾਂ, ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਮੇਰੀ ਦਿਲੋਂ ਹਮਦਰਦੀ ਅਤੇ ਪ੍ਰਾਰਥਨਾਵਾਂ ਪਰਿਵਾਰ ਅਤੇ ਦੁਨੀਆ ਭਰ ਵਿੱਚ ਵਸਦੇ ਉਸਦੇ ਪ੍ਰਸ਼ੰਸਕਾਂ ਦੇ ਨਾਲ ਹਨ, ਸਾਰਿਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰਦਾ ਹਾਂ।' ਉਨ੍ਹਾਂ ਤੋਂ ਇਲਾਵਾਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਕਿਹਾ ਕਿ ਸਿੱਧੂਮੂਸੇਵਾਲਾ ਦਾ ਕਤਲ ਬਹੁਤ ਦੁਖਦਾਈ ਤੇ ਝੰਜੋੜਨ ਵਾਲਾ ਹੈ। ਉਨ੍ਹਾਂ ਕਿਹਾ, 'ਮੈਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕੀਤੀ ਹੈ। ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ। ਮੈਂ ਸਭ ਨੂੰ ਸ਼ਾਂਤ ਰਹਿਣ ਅਤੇ ਸ਼ਾਂਤੀ ਰੱਖਣ ਦੀ ਬੇਨਤੀ ਕਰਦਾ ਹਾਂ।'

> *** ਵੱਖ-ਵੱਖ ਪਾਰਟੀਆਂ ਨੇ ਪੰਜਾਬ ਸਰਕਾਰ ਉੱਤੇ ਉਂਗਲ ਉਠਾਈ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗਾਇਕ ਤੇ ਕਾਂਗਰਸੀ ਆਗੂ ਸਿੱਧੂਮੂਸੇਵਾਲਾ ਦੇ ਕਤਲ ਦੀ ਨਿਖੇਧੀ ਕੀਤੀ ਤੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਘਾਟਾ ਕਦੇ ਨਾ ਪੂਰਾ ਹੋਣ ਵਾਲਾ ਹੈ।ਉਨ੍ਹਾ ਨੇ ਇਸ ਕਤਲ ਲਈ ਪੰਜਾਬ ਵਿੱਚ



ਲਗਾਤਾਰ ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਜ਼ਿਮੇਵਾਰ ਦੱਸਿਆ ਤੇਇੱਕ ਬਿਆਨ ਵਿੱਚ ਕਿਹਾ, 'ਇਹ ਸਰਕਾਰ ਕਾਨੂੰਨ ਵਿਵਸਥਾ ਦੇ ਕੰਮਵਿੱਚ ਪੂਰੀ ਨਾਕਾਮ ਹੈ ਅਤੇ ਮੈਂ ਇਹ ਸ਼ੁਰੂ ਤੋਂ ਆਖਦਾ ਰਿਹਾ ਹਾਂ।'ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ'ਮੂਸੇਵਾਲਾ ਦਾ ਕਤਲ ਪਿਛਲੇ ਦੋ ਮਹੀਨਿਆਂ ਵਿੱਚ ਪਹਿਲਾ ਨਹੀਂ ਤੇ ਮੈਨੂੰ ਡਰ ਹੈ ਕਿ ਆਖਰੀ ਵੀ ਨਹੀਂ ਹੋਵੇਗਾ।' ਉਨ੍ਹਾਂ ਨੇ ਕਿਹਾ ਕਿ ਅਪਰਾਧੀਆਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਰਿਹਾ, ਕਿਉਂਕਿ ਸਰਕਾਰ ਦੀ ਹੋਂਦ ਖਤਮ ਹੋ ਗਈ ਤੇ ਪੂਰੀ ਅਰਾਜਕਤਾ ਫੈਲ ਚੁੱਕੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂਖ਼ਤਰੇ ਦੀ ਧਾਰਨਾ ਦਾ ਮੁਲੰਕਣ ਕੀਤੇ ਬਿਨਾਂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ ਦੀ ਆਲੋਚਨਾ ਕੀਤੀਅਤੇ ਕਿਹਾ ਕਿ ਜ਼ਿਮੇਵਾਰੀ ਤੈਅ ਹੋਣੀ ਚਾਹੀਦੀ ਹੈ ਕਿ ਉਸ ਦੀ ਸੁਰੱਖਿਆ ਕਿਉਂ ਵਾਪਸ ਲਈ ਗਈ ਸੀ।

ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪੰਜਾਬ ਕਾਂਗਰਸ ਦੇ ਆਗੂ ਤੇ ਗਾਇਕ ਸਿੱਧੂਮੂਸੇਵਾਲਾ ਦੇ ਕਤਲ ਉੱਤੇ ਦੁੱਖ ਪ੍ਰਗਟ ਕੀਤਾਤੇ ਕਿਹਾ ਕਿ ਹੋਣਹਾਰ ਕਾਂਗਰਸੀ ਆਗੂ ਤੇ ਪ੍ਰਤਿਭਾਸ਼ਾਲੀ ਕਲਾਕਾਰ ਸਿੱਧੂਮੂਸੇਵਾਲਾ ਦੀ ਹੱਤਿਆ ਕਾਰਨ ਸਦਮੇ ਵਿੱਚ ਹਾਂ। ਦੁਨੀਆ ਭਰ ਦੇ ਉਨ੍ਹਾਂ ਦੇ ਪ੍ਰਸ਼ੰਸਕਾਂ ਨਾਲ ਮੇਰੀ ਦਿਲੀ ਹਮਦਰਦੀ ਹੈ। ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਸੰਬਿਤ ਪਾਤਰਾ ਨੇ ਆਮ ਆਦਮੀ ਪਾਰਟੀ ਉੱਤੇ ਨਿਸ਼ਾਨਾ ਸਾਧ ਕੇ ਕਿਹਾ ਕਿ ਦਿੱਲੀ ਤੋਂ ਰਿਮੋਟ ਨਾਲ ਸਰਕਾਰ ਚਲਾਈ ਜਾ ਰਹੀ ਹੈ। ਉਨ੍ਹਾਂ ਮੂਸੇਵਾਲਾ ਦੇ ਕਤਲ ਲਈ ਸਿੱਧੇ ਤੌਰ ਉੱਤੇ ਕੇਜਰੀਵਾਲ ਤੇ ਰਾਘਵ ਚੱਢਾ ਨੂੰ ਇਸ ਦੇ ਜ਼ਿਮੇਵਾਰ ਦੱਸ ਕੇ ਕਿਹਾ ਕਿ ਕੇਜਰੀਵਾਲ ਤੇ ਚੱਢਾ ਦੋਵਾਂ ਨੂੰ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਤੇ ਰਾਘਵ ਚੱਢਾ ਪੰਜਾਬ ਨੂੰ ਕੰਟਰੋਲ ਕਰਦੇ ਹਨ, ਭਗਵੰਤ ਮਾਨ ਮੁਖੌਟਾ ਹੈ। ਪਾਤਰਾ ਨੇ ਕਿਹਾ ਕਿ ਕੱਲ੍ਹ ਕੇਜਰੀਵਾਲ ਆਪਣੀ ਪਿੱਠ ਠੋਕ ਰਹੇ ਸਨਕਿ 400 ਤੋਂ ਵੱਧ ਲੋਕਾਂ ਦੀ ਸੁਰੱਖਿਆ ਵਾਪਸ ਲੈ ਲਈ ਹੈ ਤੇ ਅੱਜ ਹਰਿਆਣਾ ਵਿੱਚ ਕੇਜਰੀਵਾਲ ਤਾਰੀਫਾਂ ਲੁੱਟ ਰਹੇ ਸਨ।ਸਿੱਧੂਮੂਸੇਵਾਲਾ ਦੀ ਸੁਰੱਖਿਆ ਹਟਾ ਲਈ ਤੇ ਰਾਘਵ ਚੱਢਾ 90 ਸੁਰੱਖਿਆ ਗਾਰਡਾਂ ਨਾਲ ਪੰਜਾਬ ਵਿੱਚ ਘੁੰਮਦਾ ਹੈ, ਭਗਵੰਤ ਮਾਨ ਦੀ ਭੈਣ ਕੋਲ 20 ਸੁਰੱਖਿਆ ਗਾਰਡ ਹਨ।

# ਟੋਰਾਂਟੋ ਤੇ ਜੀਟੀਏ ਵਿੱਚ ਅੱਜ ਤੋਂ ਗਰਮ ਰਹੇਗਾ ਮੌਸਮ ਦਾ ਮਿਜਾਜ਼



ਟੋਰਾਂਟੋ, 29 ਮਈ (ਪੋਸਟ ਬਿਊਰੋ) : ਟੋਰਾਂਟੋ ਤੇ ਦੱਖਣੀ ਓਨਟਾਰੀਓ ਦੇ ਵੱਡੇ ਹਿੱਸੇ ਲਈ ਮੌਸਮ ਸਬੰਧੀ ਸਪੈਸ਼ਲ ਸਟੇਟਮੈਂਟ ਜਾਰੀ ਕੀਤੀ ਗਈ ਹੈ। ਇਸ ਤਹਿਤ ਸੋਮਵਾਰ ਤੋਂ ਹੀਟ ਤੇ ਨਮ ਮੌਸਮ ਦੀ ਚੇਤਾਵਨੀ ਦਿੱਤੀ ਗਈ ਹੈ।

ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਸੋਮਵਾਰ ਤੇ ਮੰਗਲਵਾਰ ਨੂੰ ਮੌਸਮ ਦਾ ਮਿਜਾਜ਼ ਗਰਮ ਰਹੇਗਾ ਤੇ ਇਸ ਵਿੱਚ ਨਮੀਂ ਦੀ ਮਾਤਰਾ ਵੀ ਵੱਧ ਰਹੇਗੀ।ਕਈ ਇਲਾਕਿਆਂ ਵਿੱਚ ਤਾਪਮਾਨ 30 ਡਿਗਰੀ ਸੈਲਸੀਅਸ ਦੇ ਨੇੜੇ ਤੇੜੇ ਪਹੁੰਚਣ ਦੀ ਸੰਭਾਵਨਾ ਹੈ। ਮੰਗਲਵਾਰ ਨੂੰ ਤਾਪਮਾਨ 31 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਨਮੀ ਕਾਰਨ ਦੋਵੇਂ ਦਿਨ ਤਾਪਮਾਨ 40 ਡਿਗਰੀ ਸੈਲਸੀਅਸ ਤੱਕ ਮਹਿਸੂਸ ਹੋ ਸਕਦਾ ਹੈ। ਠੰਢੀਆਂ ਹਵਾਵਾਂ ਬੁੱਧਵਾਰ ਤੱਕ ਪਹੁੰਚਣ ਦੀ ਉਮੀਦ ਹੈ। ਗਰਮ ਤੇ ਨਮੀ ਵਾਲੇ ਮੌਸਮ ਕਾਰਨ ਵੱਡੀ ਉਮਰ ਦੇ ਲੋਕਾਂ, ਨਿੱਕੇ ਤੇ ਵੱਡੇ ਬੱਚਿਆਂ ਤੇ ਲੰਮੇਂ ਸਮੇਂ ਤੋਂ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਨੂੰ ਖਤਰਾ ਹੋ ਸਕਦਾ ਹੈ।ਚੈਠਮ-ਕੈਂਟ ਤੇ ਐਸੈਕਸ ਕਾਊਂਟੀ ਲਈ ਉਚੇਚੇ ਤੌਰ ਉੱਤੇ ਹੀਟ ਵਾਰਨਿੰਗ ਜਾਰੀ ਕੀਤੀ ਗਈ ਹੈ। ਇੱਥੇ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਥੋੜ੍ਹਾ ਘੱਟ ਜਾਂ ਥੋੜ੍ਹਾ ਵੱਧ ਰਹਿਣ ਦੀ ਸੰਭਾਵਨਾਂ ਪ੍ਰਗਟਾਈ ਗਈ ਹੈ। ਇੱਥੇ ਰਾਤ ਸਮੇਂ ਮੌਸਮ ਵਿੱਚ ਗਰਮੀ ਤੋਂ ਰਾਹਤ ਮਿਲਣ ਦੀ ਆਸ ਹੈ।

# ਢਾਬੇ ਨੂੰ ਮੁੜਦੀ ਬੱਸ ਨੇ ਇੱਕ ਵਿਅਕਤੀ ਦੀ ਜਾਨ ਲਈ

ਬਲਾਚੌਰ, 29 ਮਈ (ਪੋਸਟ ਬਿਊਰੋ)- ਬਲਾਚੌਰ-ਰੋਪੜ ਨੈਸ਼ਨਲ ਹਾਈਵੇ ਉਤੇ ਰੱਕੜਾਂ ਬੇਟ ਲਾਗੇ ਸੜਕ ਹਾਦਸੇ ਵਿੱਚ ਮੋਟਰ ਸਾਈਕਲ ਚਾਲਕ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ। ਪਤਾ ਲੱਗਾ ਹੈ ਕਿ ਬਲਾਚੌਰ ਬਲਾਕ ਦੇ ਪਿੰਡ ਸੈਦਗਾਮਾ ਦਾ ਗੁਰਮੁਖ ਸਿੰਘ ਕਿਸੇ ਕੰਮ ਬਲਾਚੌਰ ਤੋਂ ਰੱਕੜਾਂ ਬੇਟ ਵੱਲ ਜਾ ਰਿਹਾ ਸੀ। ਜਦੋਂ ਉਹ ਰਾਜਨ ਢਾਬੇ ਤੋਂ ਥੋੜ੍ਹਾ ਅੱਗੇ ਗਿਆ ਤਾਂ ਸਾਹਮਣੇ ਤੋਂ ਗਲਤ ਪਾਸੇ ਆ ਰਹੀ ਪੀ ਆਰ ਟੀ ਸੀ ਦੀ ਬੱਸ ਨੇ ਰੱਕੜਾਂ ਬੇਟ ਦੇ ਕੱਟ ਤੋਂ ਗਲਤ ਪਾਸੇ ਆ ਕੇ ਮੋਟਰ ਸਾਈਕਲ ਨੂੰ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਮੋਟਰ ਸਾਈਕਲ ਚਾਲਕ ਗੁਰਮੁਖ ਸਿੰਘ ਸੜਕ ਉੱਤੇ ਡਿੱਗ ਪਿਆ। ਹਸਪਤਾਲ ਵਿੱਚ ਡਾਕਟਰਾਂ ਨੇ ਗੁਰਮੁਖ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਦੱਸਿਆ ਕਿ ਬੱਸ ਚਾਲਕ ਬੱਸ ਖੜ੍ਹੀ ਕਰ ਕੇ ਮੌਕੇ ਤੋਂ ਫਰਾਰ ਹੋ ਗਿਆ।

## ਯੂਕਰੇਨੀਅਨਜ਼ ਨੂੰ ਲੈ ਕੇ ਦੂਜਾ ਜਹਾਜ਼ ਮਾਂਟਰੀਅਲ ਪਹੁੰਚਿਆ

ਪੰਨਾ 1 ਦਾ ਬਾਕੀ

306 ਰਫਿਊਜੀਆਂ ਤੇ 20 ਜਾਨਵਰਾਂ ਨੂੰ ਲੈ ਕੇ ਫੈਡਰਲ ਸਰਕਾਰ ਵੱਲੋਂ ਭੇਜੀ ਗਈ ਚਾਰਟਰਡ ਫਲਾਈਟ ਐਤਵਾਰ ਨੂੰ ਸਵੇਰੇ 11:00 ਵਜੇ ਤੋਂ ਠੀਕ ਪਹਿਲਾਂ ਪਿਏਰੇ ਐਲੀਅਟ ਟਰੂਡੋ ਇੰਟਰਨੈਸ਼ਨਲ ਏਅਰਪੋਰਟ ਉੱਤੇ ਪਹੁੰਚੀ। ਇਸ ਤੋਂ ਪਹਿਲਾਂ ਐਮਰਜੰਸੀ ਟਰੈਵਲ ਲਈ ਮੰਜੂਰਸ਼ੁਦਾ ਪੈਸੈਂਜਰਜ਼ ਨੂੰ ਲੈ ਕੇ ਇੱਕ ਹਫਤੇ ਪਹਿਲਾਂ ਇੱਕ ਜਹਾਜ਼ ਵਿਨੀਪੈਗ ਵੀ ਪਹੁੰਚ ਚੁੱਕਿਆ ਹੈ। ਇਸ ਤੋਂ ਬਾਅਦ ਇੱਕ ਹੋਰ ਜਹਾਜ਼ 2 ਜੂਨ ਨੂੰ ਹੈਲੀਫੈਕਸ ਪਹੁੰਚੇਗਾ। ਕਈ ਨਵੇਂ ਆਏ ਪੈਸੈਂਜਰਜ਼ ਫਲਾਈਟ ਤੋਂ ਉਤਰਨ ਤੋਂ ਬਾਅਦ ਆਪਣੇ ਨਜ਼ਦੀਕੀਆਂ ਨੂੰ ਮਿਲ ਕੇ ਭਾਵੁਕ ਹੋ ਗਏ ਜਦਕਿ ਕਈ ਹੋਰਨਾਂ ਨੂੰ ਇਹ ਨਹੀਂ ਪਤਾ ਕਿ ਮਾਂਟਰੀਅਲ ਵਿੱਚ ਉਨ੍ਹਾਂ ਨੂੰ ਕਿਹੋ ਜਿਹਾ ਮਾਹੌਲ ਮਿਲੇਗਾ।ਕੁੱਝ ਯੂਕਰੇਨੀਅਨਜ਼ ਨੇ ਦੱਸਿਆ ਕਿ ਉਨ੍ਹਾਂ ਦੇ ਇਲਾਕਿਆਂ ਵਿੱਚ ਭਾਰੀ ਬੰਬਾਰੀ ਹੋ ਰਹੀ ਹੈ ਤੇ ਇੱਥੇ ਪਹੁੰਚ ਕੇ ਉਹ ਕਾਫੀ ਸੁਰੱਖਿਅਤ ਮਹਿਸੂਸ ਕਰ ਰਹੇ ਹਨ। ਵਿਦੇਸ਼ ਮੰਤਰੀ ਮਿਲੇਨੀ ਜੋਲੀ, ਇਮੀਗ੍ਰੇਸ਼ਨ ਮੰਤਰੀ ਦੀ ਪਾਰਲੀਆਮੈਂਟਰੀ ਸੈਕਟਰੀ ਮੈਰੀ ਫਰਾਂਸ ਲਾਲੌਂਡੇ ਤੇ ਕਿਊਬਿਕ ਦੇ ਲੇਬਰ ਮੰਤਰੀ ਜੀਨ ਬੂਲੇ ਵੀ ਐਤਵਾਰ ਨੂੰ ਇਨ੍ਹਾਂ ਨਵੇਂ ਪੈਸੈਂਜਰਜ਼ ਦਾ ਸਵਾਗਤ ਕਰਨ ਲਈ ਇੱਥੇ ਮੌਜੂਦ ਸਨ।
















# ਮੂਸੇਵਾਲਾ ਦੇ ਕਤਲ ਦੀ ਜਾਂਚ ਕਰਨ ਲਈ ਤਿੰਨ ਮੈਂਬਰੀ ਐੱਸ ਆਈ ਟੀ ਬਣਾਈ ਗਈ

ਚੰਡੀਗੜ੍ਹ, 29 ਮਈ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂਮੂਸੇਵਾਲਾ ਦੇ ਕਤਲ ਦੀ ਤੇਜ਼ੀ ਨਾਲ ਜਾਂਚ ਨੂੰ ਯਕੀਨੀ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਡਾਇਰੈਕਟਰ ਜਨਰਲ ਪੁਲਸ (ਡੀ ਜੀ ਪੀ) ਪੰਜਾਬ ਵੀ ਕੇ ਭਾਵਰਾ ਦੇ ਆਦੇਸ਼ ਉੱਤੇ ਇੰਸਪੈਕਟਰ ਜਨਰਲ ਪੁਲਸ (ਆਈਜੀਪੀ) ਬਠਿੰਡਾ ਰੇਂਜ ਪਰਦੀਪ ਯਾਦਵ ਨੇ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਹੈ। ਇਸ ਵਿੱਚ ਐੱਸਪੀ ਇਨਵੈਸਟੀਗੇਸ਼ਨ ਮਾਨਸਾ ਧਰਮਵੀਰ ਸਿੰਘ, ਡੀਐੱਸਪੀ ਇਨਵੈਸਟੀਗੇਸ਼ਨ ਬਠਿੰਡਾ ਵਿਸ਼ਵਜੀਤ ਸਿੰਘ ਅਤੇ ਇੰਚਾਰਜ ਸੀਆਈਏ ਮਾਨਸਾ ਪ੍ਰਿਥੀਪਾਲ ਸਿੰਘ ਨੂੰ ਸ਼ਾਮਲ ਕਰ ਕੇ ਤੇਜ਼ੀ ਨਾਲ ਜਾਂਚ ਕਰਨ ਲਈ ਕਿਹਾ ਗਿਆ ਹੈ।

ਪੰਜਾਬ ਪੁਲਸ ਦੇ ਡੀ ਜੀ ਪੀ, ਵੀ ਕੇ ਭਾਵਰਾ ਨੇ ਏਥੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਜਦੋਂ ਸਿੱਧੂਮੂਸੇਵਾਲਾ ਪਿੰਡ ਜਵਾਹਰ ਕੇ ਪੁੱਜਾ ਤਾਂ ਉਨ੍ਹਾਂ ਦੇ ਪਿੱਛੇ ਚਿੱਟੇ ਰੰਗ ਦੀ ਕੋਰੋਲਾ ਗੱਡੀ ਆਈ ਤੇ ਉਨ੍ਹਾਂ ਨੂੰ ਮੂਹਰੇ ਤੋਂ ਦੋ ਕਾਰਾਂ, ਇੱਕ ਚਿੱਟੇ ਰੰਗ ਦੀ ਬੋਲੈਰੋ ਤੇ ਇਕ ਡਾਰਕ ਗ੍ਰੇਅ ਸਕਾਰਪੀਓ ਨੇ ਘੇਰ ਲਿਆ। ਉਨ੍ਹਾਂ ਕਿਹਾ “ਸਿੱਧੂਮੂਸੇਵਾਲਾ ਅਤੇ ਉਸ ਦੇ ਦੋਸਤਾਂ ਉੱਤੇਅੱਗੋਂ ਗੋਲੀਬਾਰੀ ਕੀਤੀ ਗਈ, ਜਿਸ ਵਿੱਚ ਸਾਰੇ ਜਣੇ ਜ਼ਖਮੀ ਹੋ ਗਏ।” ਇਸ ਘਟਨਾ ਮਗਰੋਂ ਪੁਲਸ ਟੀਮ ਤੁਰੰਤ ਮੌਕੇ ਉੱਤੇ ਪਹੁੰਚੀ ਅਤੇ ਤਿੰਨਾਂ ਜ਼ਖਮੀਆਂ ਨੂੰ ਸਿਵਲ ਹਸਪਤਾਲ ਪੁਚਾਇਆ, ਜਿਥੇ ਸਿੱਧੂਮੂਸੇਵਾਲਾ ਨੂੰ ਮ੍ਰਿਤਕ ਐਲਾਨ ਕਰਦਿੱਤਾ ਗਿਆ ਅਤੇ ਉਸ ਦੇ ਚਚੇਰੇ ਭਰਾ ਤੇ ਦੋਸਤ ਦੀ ਹਾਲਤ ਸਥਿਰ ਦੱਸੀ ਗਈ ਹੈ। ਉਨ੍ਹਾਂ ਨੂੰ ਪਟਿਆਲਾ ਰੈਫਰ ਕੀਤਾ ਗਿਆ ਹੈ।ਸਿੱਧੂ ਦੀ ਸੁਰੱਖਿਆ ਵਾਪਸ ਲੈਣਬਾਰੇਡੀ ਜੀ ਪੀ ਨੇ ਕਿਹਾ



ਕਿ ਅਪਰੇਸ਼ਨ ਬਲਿਊ ਸਟਾਰ ਵਾਲੇ ਹਫ਼ਤੇ ਕਾਰਨ ਅਮਨ-ਕਾਨੂੰਨ ਦੀ ਡਿਊਟੀ ਲਈਪੁਲਸ ਨੇ ਦੋ ਸੁਰੱਖਿਆ ਮੁਲਾਜ਼ਮ ਆਰਜ਼ੀ ਤੌਰ ਉੱਤੇ ਲਏ ਸਨ, ਜਦਕਿ ਉਨ੍ਹਾਂ ਨਾਲ ਕਮਾਂਡੋ ਬਟਾਲੀਅਨ ਦੇ ਦੋ ਪੁਲਸ ਮੁਲਾਜ਼ਮ ਅਜੇਵੀ ਸਨ, ਪਰ ਅੱਜ ਘਰੋਂ ਨਿਕਲਣ ਸਮੇਂ ਸਿੱਧੂ ਆਪਣੇ ਦੋ ਪੁਲਸ ਮੁਲਾਜ਼ਮਾਂ ਨੂੰ ਨਾਲ ਨਹੀਂ ਲੈ ਕੇ ਗਿਆ ਅਤੇ ਆਪਣੀ ਨਿੱਜੀ ਬੁਲੇਟ ਪਰੂਫ ਕਾਰ ਵੀ ਘਰ ਛੱਡ ਗਿਆ ਸੀ।

ਡੀ ਜੀ ਪੀ, ਵੀ ਕੇ ਭਾਵਰਾ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਲਾਰੈਂਸ ਬਿਸ਼ਨੋਈ ਗਰੁੱਪ ਅਤੇ ਲੱਕੀ ਪਟਿਆਲ ਦੇ ਗਰੁੱਪਦੀ ਇੰਟਰ-ਗੈਂਗ ਦੁਸ਼ਮਣੀ ਜਾਪਦੀ ਹੈ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਗਰੁੱਪ ਨੇ ਸਿੱਧੂਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਅਤੇ ਇਸ ਨੂੰ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਕਿਹਾ ਹੈ। ਵਿੱਕੀ ਮਿੱਡੂਖੇੜਾ ਦੇ ਕਤਲ ਕੇਸਵਿੱਚ ਤਿੰਨ ਸ਼ੂਟਰਾਂ: ਸਨੀ, ਅਨਿਲ ਲੱਠ ਅਤੇ ਭੋਲੂ, ਜੋ ਸਾਰੇ ਹਰਿਆਣਾ ਦੇ ਵਸਨੀਕ ਹਨ, ਨੂੰ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਗ੍ਰਿਫ਼ਤਾਰ ਕੀਤਾ ਹੈਤੇ ਇਕ ਹੋਰ ਦੋਸ਼ੀ ਦੀ ਪਛਾਣ ਸ਼ਗਨਪ੍ਰੀਤ ਵਜੋਂ ਹੋਈ ਹੈ, ਜੋ ਸਿੱਧੂਮੂਸੇਵਾਲਾ ਦਾ ਮੈਨੇਜਰ ਸੀ। ਉਸ ਨੂੰ ਵੀ ਵਿੱਕੀ ਮਿੱਡੂਖੇੜਾ ਦੇ ਕਤਲ ਦੇ ਕੇਸ ਵਿੱਚ ਦੋਸ਼ੀ ਨਾਮਜ਼ਦ ਕੀਤਾ ਗਿਆ, ਪਰ ਸ਼ਗਨਪ੍ਰੀਤ ਆਸਟ੍ਰੇਲੀਆ ਭੱਜ ਗਿਆ ਹੈ ਅਤੇ ਪੁਲਸ ਨੂੰ ਉਸ ਦੀ ਭਾਲ ਹੈ।ਡੀ ਜੀ ਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਅੱਜ ਦੇ ਕਤਲ ਵਿੱਚ 7.62 ਐੱਮਐੱਮ, 9 ਐੱਮਐੱਮ ਅਤੇ 0.30 ਬੋਰ ਦੇ ਤਿੰਨ ਹਥਿਆਰਾਂ ਦੀ ਵਰਤੋਂ ਹੋਈ ਹੈ।

# ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗਰੁੱਪ ਨੇ ਲਈ

## * ਬੰਬੀਹਾ ਗਰੁੱਪ ਨੇ ਕਿਹਾ: ਮੂਸੇਵਾਲਾ ਦਾ ਬਦਲਾ ਦੋ ਦਿਨਾਂ ਵਿੱਚ ਲਵਾਂਗੇ

ਚੰਡੀਗੜ੍ਹ,29 ਮਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂਮੂਸੇਵਾਲਾ ਨੂੰ ਕਤਲ ਕਰਨ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗਰੁੱਪ ਦੇ ਗੈਂਗਸਟਰ ਗੋਲਡੀ ਬਰਾੜ ਨੇ ਲੈ ਲਈ ਹੈ।

ਬਿਸ਼ਨੋਈ ਗਰੁੱਪ ਦੇ ਸਚਿਨ ਬਿਸ਼ਨੋਈ ਦਤਾਰਾਂਵਾਲੀ ਨੇ ਅੱਜ ਫੇਸਬੁੱਕ ਉੱਤੇ ਪੋਸਟ ਪਾ ਕੇ ਲਿਖਿਆ ਕਿ ‘ਵਿੱਕੀ ਮਿੱਡੂਖੇੜਾ ਤੇ ਗੁਰਲਾਲ ਬਰਾੜ ਦੇ ਕਤਲਾਂ ਵਿੱਚ ਇਸ ਦਾ ਨਾਂ ਆਉਣ ਦੇ ਬਾਵਜੂਦ ਪੁਲਿਸ ਨੇ ਸਿੱਧੂ ਮੂਸੇਵਾਲਾ ਵਿਰੁੱਧਕਾਰਵਾਈ ਨਹੀਂ ਸੀ ਕੀਤੀ। ਸਾਡੇ ਭਾਈ ਅੰਕਿਤ ਭਾਦੂ ਦੇ ਐਨਕਾਊਂਟਰ ਵਿੱਚ ਵੀ ਇਸ ਦਾ ਹੱਥ ਸੀਅਤੇ ਇਸ ਨੇ ਕਿਹਾ ਸੀ ਕਿ ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਦਾ, ਮੈਂ ਹਥਿਆਰ ਲੋਡ ਕਰਕੇ ਰੱਖਦਾ ਹਾਂ ਤੇ ਅੱਜ ਅਸੀਂ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਲਿਆ ਹੈ। ਮੈਂ ਤੇ ਗੋਲਡੀ ਬਰਾੜ ਇਸ ਦੀ ਜ਼ਿੰਮੇਵਾਰੀ ਲੈਂਦੇ ਹਾਂ।’

ਇਸ ਪਿੱਛੋਂ ਇਸ ਕੇਸ ਵਿੱਚ ਨਵਾਂ ਮੋੜ ਆ ਗਿਆ ਹੈ।ਮੂਸੇਵਾਲਾ ਦੀ ਮੌਤ ਦੀ ਜ਼ਿੰਮੇਵਾਰੀ ਲੈਣ ਵਾਲੇ ਲਾਰੈਂਸ ਬਿਸ਼ਨੋਈ ਗਰੁੱਪ ਨੂੰ ਬੰਬੀਹਾ ਗਰੁੱਪ ਨੇ ਧਮਕੀ ਦਿੱਤੀ ਅਤੇ ਕਿਹਾ ਕਿ ਹੈ ਸਿੱਧੂਮੂਸੇਵਾਲਾ ਦੀ ਮੌਤ ਦਾ ਬਦਲਾ ਦੋ ਦਿਨਾਂ ਵਿੱਚ ਲਵਾਂਗੇ। ਇਸ ਤਰ੍ਹਾਂ ਇਹ ਗੈਂਗਵਾਰ ਹੋਰ ਅੱਗੇ ਵਧਣ ਦਾ ਡਰ ਪੈ ਗਿਆ ਹੈ।

# ਕੁਰੂਕਸ਼ੇਤਰ ਰੈਲੀ ਵਿੱਚ ਕੇਜਰੀਵਾਲ ਬੋਲਿਆ: ਦਿੱਲੀ ਤੇ ਪੰਜਾਬ ਪਿੱਛੋਂ ਹਰਿਆਣਾ ਵੀ ਬਦਲੇਗਾ



ਕੁਰੂਕਸ਼ੇਤਰ,29 ਮਈ, (ਪੋਸਟ ਬਿਊਰੋ)- ਅੱਜ ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਕੀਤੀ ਇਕ ਰੈਲੀ ਵਿੱਚ ਬੋਲਦਿਆਂਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲਨੇ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਦਾ ਆਗਾਜ਼ ਕੀਤਾਅਤੇ ਕਿਹਾ ਕਿ ‘ਮੈਨੂੰ ਇਕ ਮੌਕਾ ਦਿਓ, ਮੈਂ ਹਰਿਆਣਾ ਦੇ ਸਕੂਲਾਂਦਾ ਸੁਧਾਰ ਕਰਾਂਗਾ।ਦਿੱਲੀ ਸਰਕਾਰ ਦੇ ਸਕੂਲ ਇਸ ਦਾ ਸਬੂਤ ਹਨ। ਅਸੀਂ ਦਿੱਲੀ ਦੇ ਪ੍ਰਾਈਵੇਟ ਸਕੂਲਾਂ ਨੂੰ ਪਿਛਲੇ 7 ਸਾਲਾਂ ਤੋਂ ਫ਼ੀਸ ਨਹੀਂ ਵਧਾਉਣ ਦਿੱਤੀ।

‘ਬਦਲੇਗਾ ਹਰਿਆਣਾ’ ਦੇ ਨਾਂਅ ਹੇਠ ਕੀਤੀ ਇਸ ਰੈਲੀ ਵਿੱਚ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਤੇ ਪੰਜਾਬ ਪਿੱਛੋਂ ਹਰਿਆਣਾਬਦਲੇਗਾ। ਉਨ੍ਹਾਂ ਕਿਹਾ ਕਿ ਮੈਂ ਕਿਸਾਨਾਂ ਨੂੰ ਵਧਾਈ ਦਿੰਦਾ ਹਾਂ। ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਮਿਲ ਕੇ ਇਕ ਸਾਲ ਅੰਦੋਲਨ ਕੀਤਾ ਅਤੇ ਹੰਕਾਰੀ ਸਰਕਾਰ ਨੂੰ ਝੁਕਾ ਦਿੱਤਾ। ਇੱਕ ਸਾਲ ਸਿੰਘੂ ਬਾਰਡਰ ਉੱਤੇ ਕਿਸਾਨ ਠੰਢ, ਗਰਮੀ, ਮੀਂਹ ਵਿੱਚ ਡਟੇ ਰਹੇ, ਪਰ ਘਬਰਾਏ ਨਹੀਂ। ਅਖ਼ੀਰ ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਪਏ। ਤਰੇਤਾ ਯੁੱਗ ਵਿੱਚ ‘ਰਾਮਚੰਦਰ ਜੀ’ ਨੇ ਰਾਵਣ ਦਾ ਘੁਮੰਡ ਤੋੜਿਆ ਸੀ, ਦੁਆਪਰ ਵਿੱਚ ‘ਕ੍ਰਿਸ਼ਨ ਜੀ’ ਨੇ ‘ਕੰਸ’ ਦਾ ਘੁਮੰਡ ਤੋੜਿਆ, ਕਲਯੁੱਗ ਵਿੱਚ ‘ਕਿਸਾਨਾਂ’ ਨੇ ‘ਭਾਜਪਾਈਆਂ’ ਦਾ ਘੁਮੰਡ ਤੋੜਿਆ।ਕੇਜਰੀਵਾਲ ਨੇ ਕਿਹਾ ਕਿ ‘ਮੰਨੇ ਰਾਜਨੀਤੀ ਕਰਨੀ ਨਹੀਂ ਆਵੇ, ਮੈਂ ਸਿੱਧਾ-ਸਾਦਾ ਛੋਰਾ ਹੂੰ। ਮੰਨੇ ਕੰਮ ਕਰਨਾ ਆਵੇ ਹੈ, ਮੇਰੇ ਤੇ ਕਿਤਨਾਏ ਕਾਮ ਕਰਾ ਲਓ।’ ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਜੇ ਤੁਸੀਂ ਬੱਚਿਆਂ ਨੂੰ ਇੰਜੀਨੀਅਰ, ਡਾਕਟਰ ਅਤੇ ਵਕੀਲ ਬਣਾਉਣਾ ਹੈ ਤਾਂ ਆਮ ਆਦਮੀ ਪਾਰਟੀ ਨਾਲ ਆ ਜਾਓ।ਉਨ੍ਹਾ ਕਿਹਾ ਕਿ “ਮੈਨੂੰ ਸਭ ਤੋਂ ਚੰਗਾ ਉਦੋਂ ਲੱਗਦਾ ਹੈ, ਜਦੋਂ ਮੈਨੂੰ ਲੋਕ ‘ਹਰਿਆਣੇ ਕਾ ਲਾਲ’ ਬੋਲਦੇ ਹਨ। ਹਰਿਆਣਾ ਮੇਰੀ ਜਨਮ ਭੂਮੀ ਹੈ। ਜਨਮ ਭੂਮੀ ਦਾ ਕਰਜ਼ ਆਦਮੀ ਸੱਤ ਜਨਮ ਨਹੀਂ ਚੁਕਾ ਸਕਦਾ।”

# ਜਲੰਧਰ ਦੇ ਢੱਡੇ ਪਿੰਡ ਵਿੱਚ ਨਾਜਾਇਜ਼ ਕਾਲੋਨੀ ਖਿਲਾਫ ਕਾਰਵਾਈ



## * ਸਬ ਰਜਿਸਟਰਾਰ ਨੂੰ ਰਜਿਸਟਰੀਆਂ ਬੰਦ ਕਰਨ ਦੇ ਹੁਕਮ

ਜਲੰਧਰ, 29 ਮਈ (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਕਮ ਮੁੱਖ ਪ੍ਰਸ਼ਾਸਕ ਜਲੰਧਰ ਵਿਕਾਸ ਅਥਾਰਟੀ (ਜੇ ਡੀ ਏ) ਘਨਸ਼ਾਮ ਥੋਰੀ ਵੱਲੋਂ ਇਸ ਜ਼ਿਲ੍ਹੇ ਵਿੱਚ ਗੈਰ ਕਾਨੂੰਨੀ ਕਾਲੋਨੀਆਂ ਦੇ ਖਿਲਾਫ ਸ਼ਿਕੰਜਾ ਕੱਸਣ ਦੇ ਹੁਕਮਾਂ ਪਿੱਛੋਂ ਕੱਲ੍ਹ ਜੇ ਡੀ ਏ ਅਧਿਕਾਰੀਆਂ ਨੇ ਪਿੰਡ ਢੱਡਾ ਵਿੱਚ ਇੱਕ ਨਾਜਾਇਜ਼ ਕਾਲੋਨੀਲਈ ਬਣਾਈਆਂ ਸੜਕਾਂ ਤੇ ਸੀਵਰੇਜ਼ ਸਿਸਟਮ ਢਾਹ ਦਿੱਤਾ।ਉਨ੍ਹਾਂ ਦੱਸਿਆ ਕਿ ਇਸ ਗੈਰ ਕਾਨੂੰਨੀ ਕੰਮ ਲਈ ਕਾਲੋਨਾਈਜ਼ਰ ਤੋਂ ਸਪੱਸ਼ਟੀਕਰਨ ਮੰਗਿਆ ਗਿਆ ਹੈ।

ਇਸ ਸੰਬੰਧ ਵਿੱਚ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਦੱਸਿਆ ਕਿ ਜੇ ਡੀ ਏ ਵੱਲੋਂ ਸਬ ਰਜਿਸਟਰਾਰ ਨੂੰ ਵੀ ਪਿੰਡ ਢੱਡਾ ਵਿੱਚ ਕਾਲੋਨੀ ਉੱਤੇ ਹੋਈ ਕਾਰਵਾਈ ਬਾਰੇ ਦੱਸ ਦਿੱਤਾ ਗਿਆ ਹੈ ਤਾਂ ਕਿ ਇਸ ਨਾਜਾਇਜ਼ ਕਾਲੋਨੀ ਵਿਚਲੇ ਕਿਸੇ ਪਲਾਟ ਦੀ ਰਜਿਸਟਰੀ ਹੋਣਤੋਂ ਰੋਕੀ ਜਾ ਸਕੇ। ਰੈਵੇਨਿਊ ਵਿਭਾਗ ਨੇ ਵੀ ਨਾਜਾਇਜ਼ ਕਾਲੋਨੀਆਂ ਵਧਣ ਦਾ ਗੰਭੀਰ ਨੋਟਿਸ ਲਿਆ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਸਰਕਾਰ ਦੀ ਰੈਗੂਲਰਾਈਜ਼ੇਸ਼ਨ ਨੀਤੀ ਦੇ ਅਨੁਸਾਰ ਜਿਨ੍ਹਾਂ ਕਾਲੋਨਾਈਜ਼ਰਾਂਨੇ ਆਪਣੀਆਂ ਕਾਲੋਨੀਆਂ ਨੂੰ ਰੈਗੂਲਰ ਨਹੀਂ ਕਰਾਇਆ, ਉਨ੍ਹਾਂ ਖਿਲਾਫ ਕੇਸ ਦਰਜ ਕਰਨ ਲਈ ਪੁਲਸ ਵਿਭਾਗ ਨੂੰ ਹੁਕਮ ਜਾਰੀ ਕੀਤੇ ਜਾ ਰਹੇ ਹਨ ਅਤੇ ਕਾਰਵਾਈ ਸਖਤ ਕੀਤੀ ਜਾਵੇਗੀ।

# ਸੰਤ ਸੀਚੇਵਾਲ ਨੇ ਕਿਹਾ: ਮੈਂ ਰਾਜ ਸਭਾ ਵਿੱਚ ਜਾਵਾਂਗਾ, ਪਰ ਰਾਜਨੀਤੀ ਤੋਂ ਦੂਰ ਰਹਾਂਗਾ

## * ਸੰਤ ਸੀਚੇਵਾਲ ਦਾ ਟਵਿੱਟਰ ਅਕਾਊਂਟ ਹੈਕ, ਪੋਸਟ ਸ਼ੇਅਰ ਕੀਤੀ

ਚੰਡੀਗੜ੍ਹ,29 ਮਈ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਪੰਜਾਬ ਤੋਂ ਰਾਜ ਸਭਾ ਸੀਟਾਂ ਲਈ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਉੱਦਮੀਵਿਕਰਮਜੀਤ ਸਿੰਘ ਸਾਹਨੀ ਨੂੰ ਉਮੀਦਵਾਰ ਬਣਾਇਆ ਹੈ।

ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਏਥੇ ਕਿਹਾ ਕਿ ‘ਮੈਂ ਰਾਜ ਸਭਾ ਵਿਚ ਜਾਵਾਂਗਾ, ਪਰ ਸਰਗਰਮ ਸਿਆਸਤ ਤੋਂ ਦੂਰ ਰਹਾਂਗਾ।” ਉਨ੍ਹਾਂ ਇੱਕ ਇੰਟਰਵਿਊ ਦੌਰਾਨ ਕਿਹਾ, ‘ਮੁੱਖ ਮੰਤਰੀ ਭਗਵੰਤ ਮਾਨ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਉਹ ਮੈਨੂੰ ਰਾਜ ਸਭਾ ਵਿੱਚ ਭੇਜ ਕੇ ਕਿਸੇ ਚੋਣ ਮੁਹਿੰਮ ਦਾ ਹਿੱਸਾ ਨਹੀਂ ਬਣਾਉਣਗੇ ਅਤੇ ਨਾ ਕਿਸੇ ਸਿਆਸੀ ਕਾਨਫਰੰਸ ਵਿੱਚਹਿੱਸਾ ਲੈਣ ਲਈ ਕਹਿਣਗੇ।ਮੁੱਖ ਮੰਤਰੀ ਨੇ ਮੈਨੂੰ ਰਾਜ ਸਭਾ ਵਿੱਚ ਪੰਜਾਬ ਦਾ ਮੁੱਦਾ ਉਠਾਉਣ ਲਈ ਕਿਹਾ ਹੈ।’ਪਦਮਸ਼੍ਰੀ ਐਵਾਰਡ



ਨਾਲ ਸਨਮਾਨਿਤਬਲਬੀਰ ਸਿੰਘ ਸੀਚੇਵਾਲਨੂੰ ਸਤਲੁਜ ਅਤੇ ਬਿਆਸ ਦਰਿਆਵਾਂ ਦੀ 160 ਕਿਲੋਮੀਟਰ ਲੰਬੀ ਸਹਾਇਕ ਨਦੀ ਦੇ ਪੁਨਰ ਸੁਰਜੀਤ ਕਰਨ ਲਈ ਸਨਮਾਨਿਤ ਕੀਤਾ ਗਿਆ ਸੀ ਤੇ ਉਨ੍ਹਾਂ ਨੇ ਪੰਜਾਬ ਵਿੱਚ ਵੱਖ-ਵੱਖ ਥਾਈਂ ਗਰੀਬਾਂ ਲਈ ਸਕੂਲ ਤੇ ਕਾਲਜ ਬਣਾਏ ਹਨ। ਸੀਚੇਵਾਲ ਨੂੰ ਸਾਰਕ ਵਾਤਾਵਰਨ ਐਵਾਰਡ ਮਿਲ ਚੁੱਕਾ ਹੈ ਅਤੇ ਦਲਾਈ ਲਾਮਾ ਨੇ ਵੀ ਸਨਮਾਨਿਤ ਕੀਤਾਹੈ।‘ਈਕੋ ਬਾਬਾ’ ਦੇ ਨਾਂ ਨਾਲ ਪ੍ਰਸਿੱਧ ਸੀਚੇਵਾਲ ਨੂੰ ਟਾਈਮ ਮੈਗਜ਼ੀਨ ਨੇ ਵਿਸ਼ਵ ਦੇ ਚੋਟੀ ਦੇ 30 ਵਾਤਾਵਰਨ ਨਾਇਕਾਂ ਵਿੱਚੋਂ ਇੱਕ ਵਜੋਂ ਸਨਮਾਨਿਤ ਕੀਤਾ ਹੈ। ਸਾਬਕਾ ਰਾਸ਼ਟਰਪਤੀ ਏਪੀਜੇ ਅਬਦੁਲ ਕਲਾਮ ਵੀ ਸੀਚੇਵਾਲ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੂੰ ਮਿਲਣ ਦੋ ਵਾਰ ਉਨ੍ਹਾਂ ਦੇ ਪਿੰਡ ਗਏ ਸਨ।ਸੰਤ ਬਲਬੀਰ ਸਿੰਘ ਸੀਚੇਵਾਲ ਨੇ ਹਮੇਸ਼ਾ ਰਾਜਨੀਤੀ ਤੋਂ ਦੂਰੀ ਰੱਖੀ ਤੇ ਉਹ ਪਹਿਲਾਂ ਦੋ ਰਾਜ ਸਭਾ ਜਾਣ ਬਾਰੇਨਾਂਹ ਕਰ ਚੁੱਕੇ ਹਨ। ਆਮ ਆਦਮੀ ਪਾਰਟੀ ਉਨ੍ਹਾਂ ਨੂੰ ਰਾਜ ਸਭਾ ਵਿੱਚ ਭੇਜਣ ਵਿੱਚ ਸਫਲ ਰਹੀ ਹੈ। ਸੀਚੇਵਾਲ ਨੇ ਕਿਹਾ ਕਿ ਉਹ ਸਿਆਸਤ ਦਾ ਹਿੱਸਾ ਬਿਲਕੁਲ ਨਹੀਂ ਬਣਨਗੇ, ਰਾਜ ਸਭਾ ਵਿੱਚ ਵਾਤਾਵਰਨ ਤੇ ਪੰਜਾਬ ਦੇ ਮੁੱਦੇ ਉਠਾਉਣਗੇ, ਪੰਜਾਬ ਦੀ ਜਵਾਨੀ ਅਤੇ ਵਾਤਾਵਰਨ ਨੂੰ ਬਚਾਉਣ ਲਈ ਮੁੱਦੇ ਉਠਾਉਣਗੇ। ਇਸ ਦੌਰਾਨਕਿਸੇ ਸ਼ਰਾਰਤੀ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਟਵਿੱਟਰ ਨੂੰ ਹੈਕ ਕਰ ਕੇ ਇਕ ਟਵੀਟ ਕੀਤਾ ਹੈ ਤੇ ਸੰਤ ਸੀਚੇਵਾਲ ਦੇ ਨਾਂ ਅਤੇ ਉਨ੍ਹਾਂ ਦੀ ਫੋਟੋ ਲਾ ਕੇ ਸੰਗਤ ਨੂੰ ਗੁੰਮਰਾਹ ਕਰਨ ਲਈ ਨਵਾਂ ਟਵਿੱਟਰ ਅਕਾਊਂਟ ਬਣਾ ਲਿਆ। ਇਸ ਫੇਕ ਅਕਾਊਂਟਤੋਂ ਉਸ ਨੇ ਕੁਝ ਪੋਸਟਾਂ ਵਾਇਰਲ ਕੀਤੀਆਂ। ਇਸ ਬਾਰੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਉਨ੍ਹਾਂ ਦਾ ਟਵੀਟਰ ਅਕਾਊਂਟ ਹੈਕ ਹੋਣ ਬਾਰੇ ਸਾਈਬਰ ਕ੍ਰਾਈਮ ਬ੍ਰਾਂਚ ਨੂੰ ਸ਼ਿਕਾਇਤ ਕੀਤੀ ਗਈ ਹੈ।

# ਤਾਰਾ ਏਅਰ ਦਾ ਜਹਾਜ਼ ਤਬਾਹ, 4 ਭਾਰਤੀਆਂ ਸਣੇ 22 ਯਾਤਰੀ ਮਾਰੇ ਜਾਣ ਦਾ ਖਦਸ਼ਾ

ਕਾਠਮੰਡੂ, 29 ਮਈ, (ਪੋਸਟ ਬਿਊਰੋ)- ਨੇਪਾਲ ਤੋਂ ਲਾਪਤਾ ਤਾਰਾ ਏਅਰ ਦਾ ਜਹਾਜ਼ ਫ਼ੌਜ ਨੇ ਕਰੀਬ ਛੇ ਘੰਟੇ ਬਾਅਦਲੱਭ ਲਿਆ ਹੈ। ਨੇਪਾਲ ਫ਼ੌਜ ਨੇ ਇਸ ਬਾਰੇ ਦੱਸਿਆ ਹੈ ਕਿ ਜਹਾਜ਼ ਨੂੰ ਹਿਮਾਲਿਆ ਦੇ ਮਨਾਪਤੀ ਦੇ ਹੇਠਲੇ ਹਿੱਸੇ ਵਿੱਚ ਦੇਖਿਆ ਗਿਆ ਅਤੇ ਮਸਤਾਂਗ ਦੇ ਕੋਵਾਂਗ ਪਿੰਡ ਵਿੱਚਇਸ ਦਾ ਮਲਬਾ ਮਿਲਿਆ ਹੈ। 19 ਸੀਟਾਂ ਵਾਲੇ ਇਸ ਜਹਾਜ਼ ਵਿੱਚ 4 ਭਾਰਤੀ, 3 ਵਿਦੇਸ਼ੀ ਅਤੇ 13 ਨੇਪਾਲੀ ਨਾਗਰਿਕ ਸਵਾਰ ਸਨ।

ਸੂਤਰਾਂ ਮੁਤਾਬਕ ਫ਼ੌਜ ਦੇ ਅਧਿਕਾਰੀਆਂ ਨੇ ਦੂਰੋਂ ਧੂੰਆਂ ਉੱਠਦਾ ਦੇਖਿਆ ਤਾਂ ਗੁੰਮ ਹੋਏ ਜਹਾਜ਼ ਦਾ ਪਤਾ ਲੱਗਾ। ਫ਼ੌਜ ਦੇ ਬੁਲਾਰੇ ਨਾਰਾਇਣ



ਸਿਲਵਾਲ ਨੇ ਦੱਸਿਆ ਕਿ ਸਥਾਨਕ ਲੋਕਾਂ ਵੱਲੋਂ ਨੇਪਾਲੀ ਫ਼ੌਜ ਨੂੰ ਮਿਲੀ ਜਾਣਕਾਰੀ ਮੁਤਾਬਕ ਤਾਰਾ ਏਅਰ ਦਾ ਜਹਾਜ਼ ਮਨਾਪਤੀ ਹਿਮਾਲ ਜ਼ਮੀਨ ਖਿਸਕਣ ਦੇ ਹੇਠਾਂ ਲਮਚੇ ਨਦੀ ਦੇ ਮੁਹਾਣੇ ਉੱਤੇ ਹਾਦਸਾਗ੍ਰਸਤ ਹੋ ਗਿਆ। ਹਵਾਈ ਅੱਡੇ ਦੇ ਅਧਿਕਾਰੀਆਂ ਮੁਤਾਬਕਤਾਰਾ ਏਅਰ ਦੇ ਇਸ ਡਬਲ ਇੰਜਣ ਵਾਲੇ ਜਹਾਜ਼ ਨੇ ਸਵੇਰੇ ਪੋਖਰਾ ਤੋਂ ਜੋਮਸੋਮ ਲਈ ਉਡਾਣ ਭਰੀਅਤੇ ਆਖਰੀ ਸੰਪਰਕ ਸਵੇਰੇ 9:55 ਉੱਤੇ ਹੋਇਆ। ਨੇਪਾਲੀ ਮੀਡੀਆ ਮੁਤਾਬਕ ਇਸ ਜਹਾਜ਼ ਵਿੱਚਮੁੰਬਈ ਤੋਂ ਆਏ ਇੱਕੋਟੱਬਰ ਦੇ 4 ਭਾਰਤੀ ਅਸ਼ੋਕ ਕੁਮਾਰ ਤ੍ਰਿਪਾਠੀ, ਧਨੁਸ਼ ਤ੍ਰਿਪਾਠੀ, ਰਿਤਿਕਾ ਤ੍ਰਿਪਾਠੀ ਤੇ ਵੈਭਵੀ ਤ੍ਰਿਪਾਠੀ ਸਵਾਰਸਨ। ਏਅਰਲਾਈਨਜ਼ ਦੇ ਬੁਲਾਰੇ ਸੁਦਰਸ਼ਨ ਬਰਤੌਲਾ ਨੇ ਦੱਸਿਆ ਕਿ ਤਿੰਨ ਮੈਂਬਰੀ ਨੇਪਾਲੀ ਅਮਲੇ ਤੋਂ ਬਿਨਾ ਚਾਰ ਭਾਰਤੀ ਨਾਗਰਿਕ, ਦੋ ਜਰਮਨ ਅਤੇ 13 ਨੇਪਾਲੀ ਯਾਤਰੀ ਸਨ। ਹਾਲਾਤ ਦੇ ਸੰਕੇਤ ਦੱਸ ਰਹੇ ਹਨ ਕਿ ਇਸ ਹਾਦਸੇ ਵਿੱਚ ਕਿਸੇ ਦੇ ਵੀ ਜ਼ਿੰਦਾ ਬਚਣ ਦੀ ਬਹੁਤੀ ਆਸ ਨਹੀਂ ਰਹੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
FAMILY LAWYER
• Child & Spousal support
• Custody & Access
• Divorce
• Equalization
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਟਾਹਲੀ ਉਤੇ ਬੋਲ ਤੋਤਿਆ..

-ਵਰਿੰਦਰ ਸਿੰਘ ਨਿਮਾਣਾ

ਪੰਜਾਬ ਦੇ ਉਘੇ ਬਨਸਪਤੀ ਵਿਗਿਆਨੀ, ਕੁਸ਼ਲ ਪ੍ਰਸ਼ਾਸਕ, ਲੋਕਧਾਰਾ ਖੋਜੀ, ਕਲਾ, ਸਾਹਿਤ ਅਤੇ ਕਲਾਕਾਰਾਂ ਦੇ ਸਰਪ੍ਰਸਤ ਵਜੋਂ ਜਾਣੇ ਜਾਂਦੇ ਡਾ. ਮਹਿੰਦਰ ਸਿੰਘ ਰੰਧਾਵਾ ਦੀ ਪੁਸਤਕ 'ਰਾਖ ਵਿੱਚੋਂ ਉਗੇ' ਵਿੱਚ ਦਰਜ ਹੈ,''ਟਾਹਲੀ ਪੰਜਾਬ ਦਾ ਪ੍ਰਤੀਕਾਤਮਕ ਰੁੱਖ ਹੈ। ਟਾਹਲੀ ਪੰਜਾਬ ਦੇ ਕਿਸਾਨ ਦਾ ਪ੍ਰਤੀਕ ਹੈ। ਇਹਦੀ ਲੱਕੜ ਬਹੁਤ ਸਖ਼ਤ ਤੇ ਸਭ ਤੋਂ ਲਾਹੇਵੰਦ ਹੁੰਦੀ ਹੈ। ਇਹ ਲੱਕੜ ਘੁਣ, ਹੋਰ ਹਰ ਤਰ੍ਹਾਂ ਦੀ ਮਾਰ ਸਹਿ ਸਕਦੀ ਹੈ। ਜੇ ਇਹਨੂੰ ਜੜਾਂ ਤੋਂ ਵੀ ਕੱਟ ਦਈਏ ਤਾਂ ਬਸੰਤ ਰੁੱਤੇ ਫਿਰ ਫੁੱਟ ਪੈਂਦੀ ਹੈ। ਲੁਧਿਆਣਾ, ਜਲੰਧਰ ਜੀ ਟੀ ਰੋਡ ਉੱਤੇ ਦੋਵੇਂ ਪਾਸੇ ਖੜ੍ਹੀਆਂ ਟਾਹਲੀਆਂ ਦੀਆਂ ਕਤਾਰਾਂ ਕਮਾਲ ਦਾ ਦ੍ਰਿਸ਼ ਪੇਸ਼ ਕਰਦੀਆਂ ਸਨ, ਪਰ ਸਤੰਬਰ 1947 ਵਿੱਚ ਇੱਥੋਂ ਉਜੜ ਕੇ ਪਾਕਿਸਤਾਨ ਜਾ ਰਹੇ ਮੁਸਲਮਾਨ ਇਨ੍ਹਾਂ ਨੂੰ ਬੁਰੀ ਤਰ੍ਹਾਂ ਛਾਂਗ ਗਏ ਕਿਉਂਕਿ ਉਨ੍ਹਾਂ ਨੂੰ ਬਾਲਣ ਦੀ ਲੋੜ ਸੀ ਤੇ ਪਿੱਛੇ ਰਹਿ ਗਏ ਨੰਗ ਮੁਨੰਗੇ ਰੋਡੇ ਟਾਹਣ। ਜਾਪਦਾ ਸੀ ਕਿ ਇਸ ਸੜਕ ਦੁਆਲੇ ਮੁੜ ਬੂਟੇ ਲਾਉਣੇ ਪੈਣਗੇ। ਤਿੰਨ ਸਾਲਾਂ ਮਗਰੋਂ ਸੜਕ ਦੁਆਲੇ ਖੜ੍ਹੇ ਇਹ ਨੰਗੇ ਟਾਹਣ ਫਿਰ ਹਰੇ ਕਚੂਰ ਨਜ਼ਰ ਆਉਣ ਲੱਗੇ। ਚੀਨੀ ਲੋਕਧਾਰਾ ਦੇ ਮਿਥਿਹਾਸਕ ਪੰਛੀ ਕੁਕਨੁਸ ਵਾਂਗ, ਜੋ ਸੜ ਕੇ ਆਪਣੀ ਹੀ ਚਿਤਾ ਦੀ ਸੁਆਹ ਵਿੱਚੋਂ ਮੁੜ ਪੈਦਾ ਹੁੰਦਾ ਹੈ, ਵਧੇਰੇ ਜਵਾਨ, ਬਲਵਾਨ ਤੇ ਨਵਾਂ ਨਕੋਰ। ਪੰਜਾਬ ਬੜੇ ਭਿਆਨਕ ਦੁਖਾਂਤ ਵਿੱਚੋਂ ਮੁੜ ਉਭਰਿਆ ਹੈ ਤੇ ਕਿਸੇ ਕਮਜ਼ੋਰ ਨਸਲ ਨੂੰ ਤਾਂ ਇਹ ਹੋਣੀ ਮੂਲੋਂ ਹੀ ਮੁਕਾ ਸਕਦੀ ਸੀ।''

ਪੰਜਾਬੀ ਦੀ ਇੱਕ ਲੋਕ ਬੋਲੀ ਹੈ-

ਅਲਕੜਿਆਂ ਦੇ ਮੁੰਡੇ ਦੇਖ ਲਓ, ਜਿਉਂ ਟਾਹਲੀ ਦੇ ਪਾਵੇ,

ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ, ਪਿੰਜਣੀ ਨਾਲ ਸੁਹਾਵੇ,

ਦੁਧੀਆ ਕਾਸ਼ਨੀ ਬੰਨ੍ਹਦੇ ਸਾਫੇ, ਜਿਉਂ ਉਡਿਆ ਕਬੂਤਰ ਜਾਵੇ

ਮਲਮਲ ਦੇ ਤਾਂ ਕੁੜਤੇ ਸੋਂਹਦੇ, ਜਿਉਂ ਬਗਲਾ ਤਲਾ ਵਿੱਚ ਨ੍ਹਾਵੇ

ਗਿੱਧਾ ਪਾਉਂਦੇ ਮੁੰਡਿਆਂ ਦੀ, ਸਿਫਤ ਕਰੀ ਨਾ ਜਾਵੇ।

ਪੰਜਾਬ ਦੇ ਰਵਾਇਤੀ ਰੁੱਖ ਟਾਹਲੀ ਨੇ ਇਸ ਖਿੱਤੇ ਵਿੱਚ ਰਹਿਣ ਵਾਲੇ ਲੋਕਾਂ ਦੇ ਸੁਭਾਅ, ਜੀਵਨਸ਼ੈਲੀ, ਸਰੀਰਕ ਤੇ ਮਾਨਸਿਕ ਮਜ਼ਬੂਤੀ ਨੂੰ ਬਿਆਨ ਕਰਨ ਲਈ ਪ੍ਰਤੀਕ ਦੀ ਭੂਮਿਕਾ ਹੀ ਨਹੀਂ ਨਿਭਾਈ, ਸਗੋਂ ਇਸ ਧਰਤੀ ਦੇ ਵਾਸੀਆਂ ਦੇ ਚਾਵਾਂ, ਲੋਕ ਮਨ ਦੀਆਂ ਖਹਾਇਸ਼ਾਂ, ਵਲਵਾਲਿਆਂ, ਰੋਸਿਆਂ ਤੇ ਉਦਰੇਵਿਆਂ ਨੂੰ ਪ੍ਰਗਟਾਉਣ ਲੱਗਿਆਂ ਵੀ ਇੱਕ ਸੱਚਾ ਹਮਦਰਦ ਹੋਣ ਦਾ ਮਾਣ ਹਾਸਲ ਕੀਤਾ ਹੈ। ਇਸ ਬੋਲੀ ਵਿੱਚ ਪੰਜਾਬ ਦੇ ਲੋਕ ਜੀਵਨ ਵਿੱਚ ਟਾਹਲੀ ਦੀ ਹਾਜ਼ਰੀ ਇੰਜ ਮਹਿਸੂਸ ਕੀਤੀ ਜਾ ਸਕਦੀ ਹੈ-

ਝਾਵਾਂ ਝਾਵਾਂ ਝਾਵਾਂ..

ਜੁੱਤੀ ਤੇਰੀ ਮਖਮਲ ਦੀ,

ਮੈਂ ਪੈਰਾਂ ਵਿੱਚ ਦੀ ਪਾਵਾਂ

ਟਾਹਲੀ ਉਤੇ ਬੋਲ ਤੋਤਿਆ

ਤੇਰੇ ਰੰਗ ਦੀ ਕਮੀਜ਼ ਸੁਆਵਾਂ

ਪੁੱਤ ਮੇਰੇ ਸਹੁਰੇ ਦਾ,

ਲੱਗੀ ਲਾਮ'ਤੇ ਲੁਆ ਲਿਆ ਨਾਵਾਂ

ਜਾਂਦਾ ਹੋਇਆ ਦੱਸ ਨਾ ਗਿਆ

ਮੈਂ ਚਿੱਠੀਆਂ ਕਿਧਰ ਨੂੰ ਪਾਵਾਂ

ਕੋਇਲਾਂ ਕੂਕਦੀਆਂ, ਕਿਤੇ ਬੋਲ ਚੰਦਰਿ-ਆ ਕਾਵਾਂ

ਪੰਜਾਬੀ ਲੋਕ ਮਨ ਵੱਲੋਂ ਜਵਾਨੀ ਦੀ ਸਿਖਰ ਦੁਪਹਿਰੇ ਮੋਹ ਮੁਹੱਬਤ ਦੀਆਂ ਰੇਸ਼ਮੀ ਤੰਦਾਂ ਤੇ ਜ਼ਿੰਦਗੀ ਦੀ ਰੰਗਲੀ ਵਾਟ ਵਿੱਚੋਂ ਉਪਜੀਆਂ ਸ਼ੋਖੀਆਂ ਤੇ ਸੱਜਰੀਆਂ ਸੱਧਰਾਂ ਨੂੰ ਬਿਆਨਣ ਵੇਲੇ ਟਾਹਲੀਆਂ ਦੇ ਰੁੱਖਾਂ ਦੀ ਉਚਾਈ, ਦਰਿਆਵਾਂ ਦੇ ਵਹਿਣਾਂ ਨਾਲ ਸਾਂਝ ਪਾ ਕੇ ਮਨੁੱਖੀ ਮਨ ਦੇ ਵਹਿਣਾਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਵੀ ਦੇਖੀ ਜਾ ਸਕਦੀ ਹੈ-

ਉਚੀਆਂ ਲੰਮੀਆਂ ਟਾਹਲੀਆਂ ਵੇ ਹਾਣੀਆਂ

ਹੇਠ ਵਗੇ ਦਰਿਆ

ਮੈਂ ਦਰਿਆ ਦੀ ਮਛਲੀ ਵੇ ਸੋਹਣਿਆਂ

ਬਗਲਾ ਬਣ ਕੇ ਚਾ।

ਰੁੱਖਾਂ ਬੂਟਿਆਂ ਨਾਲ ਪੰਜਾਬੀ ਜਨ ਜੀਵਨ ਨਾਲ ਸਾਂਝ ਦੇ ਅਜਿਹੇ ਰੰਗਾਂ ਨੂੰ ਪੰਜਾਬੀ ਦੇ ਮਹਾਨ ਸ਼ਾਇਰ ਨੰਦ ਲਾਲ ਨੂਰਪੁਰੀ ਦੇ ਇੱਕ ਗੀਤ ਵਿੱਚ ਵੀ ਦੇਖਿਆ ਜਾ ਸਕਦਾ ਹੈ-

ਇੱਕ ਪਾਸੇ ਟਾਹਲੀਆਂ ਤੇ ਇੱਕ ਪਾਸੇ ਬੇਰੀਆਂ

ਸਾਉਣ ਦਾ ਮਹੀਨਾ, ਪੀਘਾਂ ਤੇਰੀਆਂ ਤੇ ਮੇਰੀਆਂ।

ਪੰਜਾਬੀ ਸੱਭਿਆਚਾਰ ਵਿੱਚ ਪਰਵਾਰਕ ਰਿਸ਼ਤਿਆਂ ਦੀ ਹੋਂਦ ਤੇ ਨਿੱਘ ਦੀ ਆਪਣੀ ਮਹੱਤਤਾ ਰਹੀ ਹੈ। ਪੰਜਾਬ ਦੇ ਲੋਕ ਸਾਹਿਤ ਵਿੱਚ ਇਸ ਖਿੱਤੇ ਦੇ ਲੋਕਾਂ ਦੇ ਮਨਾਂ ਨੂੰ ਲੋਕ ਗੀਤਾਂ ਰਾਹੀਂ ਬੋਲਦਿਆਂ ਤੇ ਜ਼ਿੰਦਗੀ ਦੇ ਹੁੰਗਾਰੇ ਭਰਦੇ ਦੇਖਿਆ ਜਾ ਸਕਦਾ ਹੈ। ਇਸ ਸੱਭਿਆਚਾਰ ਵਿੱਚ ਮਾਵਾਂ-ਧੀਆਂ ਦੇ ਰਿਸ਼ਤੇ ਵਿੱਚ ਜਮਾਂਦਰੂ ਤੇ ਆਪ ਮੁਹਾਰੀ ਅਪਣੱਤ ਦੀ ਚਾਸ਼ਣੀ ਦੀ ਮਹਿਕ ਨੂੰ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਪੰਜਾਬ ਦੇ ਪਰਵਾਰਕ ਸੰਬੰਧਾਂ ਦੀਆਂ ਪੀਡੀਆਂ ਤੰਦਾਂ ਦੀ ਸੂਖਮਤਾ ਨੂੰ ਪ੍ਰਗਟਾਉਣ ਲਈ ਇਸ ਮਿੱਟੀ ਦੇ ਪ੍ਰਤੀਕਾਤਮਕ ਰੁੱਖ ਟਾਹਲੀ ਦੀ ਹਾਜ਼ਰੀ ਵੀ ਪ੍ਰਤੱਖ ਨਜ਼ਰ ਆ ਜਾਂਦੀ ਹੈ।



ਇਸ ਖਿੱਤੇ ਦੀ ਸੱਭਿਆਚਾਰਕ ਨੁਹਾਰ, ਭੂਗੋਲਿਕ ਖ਼ੂਬੀਆਂ ਅਤੇ ਸਮਾਜਿਕ ਬਣਤਰ ਨੂੰ ਸਮਝਣ ਤੇ ਪਰਖਣ ਲਈ ਵੀ ਇੱਥੇ ਰੁੱਖਾਂ ਬਿਰਖਾਂ ਦੀ ਜ਼ਿੰਮੇਵਾਰ ਭੂਮਿਕਾ ਨੂੰ ਅਣਗੋਲਿਆ ਨਹੀਂ ਕੀਤਾ ਜਾ ਸਕਦਾ-

ਉਚੀਆਂ ਲੰਮੀਆਂ ਟਾਹਲੀਆਂ,

ਵਿੱਚ ਗੁਜਰੀਦੀ ਪੀਂਘ ਵੇ ਮਾਹੀਆ,

ਕੋਠੇ ਉਤੇ ਕੋਠੜੀ,

ਹੇਠ ਵਸੇਂਦਾ ਸੁਨਿਆਰ ਵੇ ਮਾਹੀਆ,

ਸੱਸੀ ਦੀਆਂ ਘੜ ਦੇ ਵਾਲੀਆਂ,

ਮੇਰਾ ਘੜ ਦੇ ਹਾਰ ਵੇ ਮਾਹੀਆ।

ਕਹਿੰਦੇ ਨੇ ਕਿ ਹਾਣ ਨੂੰ ਹਾਣ ਮੁੱਢ ਤੋਂ ਪਿਆਰ ਹੁੰਦਾ ਹੈ। ਕਈ ਵਾਰੀ ਪਰਵਾਰ ਮਜ਼ਬੂਰੀਆਂ ਜਾਂ ਪਦਾਰਥਕ ਸਹੂਲਤਾਂ ਨੂੰ ਪ੍ਰਮੁੱਖਤਾ ਦੇ ਕੇ ਜੋੜੇ ਸਾਕ ਜਵਾਨ ਦਿਲਾਂ ਦੇ ਸੂਖਮ ਜਜ਼ਬਿਆਂ ਨੂੰ ਠੇਸ ਪਹੁੰਚਾਉਣ ਦਾ ਸਬੱਬ ਵੀ ਬਣ ਜਾਣ ਤਾਂ ਮਿਲਖ ਜਾਗੀਰ ਦੇ ਸੁੱਖ ਨੂੰ ਹੰਢਾਉਣ ਦਾ ਵੀ ਕੋਈ ਚਾਅ ਨਹੀਂ ਪੈਂਦਾ ਹੁੰਦਾ। ਅਜਿਹੇ ਭਾਵਾਂ ਨੂੰ ਜ਼ੁਬਾਨ ਦੇਣ ਲੱਦਿਆਂ ਫਿਰ ਟਾਹਲੀ ਵਰਗੇ ਰੁੱਖਾਂ ਦੀ ਹਾਜ਼ਰੀ ਲੋਕ ਗੀਤਾਂ ਵਿੱਚ ਦੇਖੀ ਜਾ ਸਕਦੀ ਹੈ-

ਬਾਗੀਂ ਤਾਂ ਲਾਨੀਆਂ ਟਾਹਲੀਆਂ,

ਵੇ ਪੱਤਾਂ ਵਾਲੀਆਂ,

ਵੇ ਮੇਰਾ ਪਤਲਾ ਮਾਹੀ,

ਬੂਹੇ ਤਾਂ ਲਾਵਾਂ ਸ਼ਤੂਤ,

ਲੋਕਾਂ ਦੀ ਜ਼ਿੰਦਗੀ ਦੇ ਨੇੜੇ ਤੇੜੇ ਰਹਿੰਦੇ ਇਹ ਰੁੱਖ ਬੂਟੇ ਜਿਨ੍ਹਾਂ ਤੇ ਪ੍ਰਤੀਕਾਂ ਰਾਹੀਂ ਦੁਨਿਆਵੀ ਸਚਾਈਆਂ ਨੂੰ ਬੜੀ ਸਹਿਜਤਾ ਤੇ ਸਰਲਤਾ ਨਾਲ ਬਿਆਨ ਕਰ ਦਿੰਦੇ ਹਨ। ਜਿਵੇਂ:

ਅੰਬ ਕੋਲੇ ਇੰਬਲੀ, ਨੀਂਜੰਡ ਕੋਲੇ ਟਾਹਲੀ,

ਅਕਲ ਬਿਨਾਂ ਨੀਂ, ਗੋਰਾ ਰੰਗ ਜਾਵੇ ਖਾਲੀ।

********

ਮੈਂ ਸੌ ਸੌ ਰੁੱਖ ਪਈ ਲਾਵਾਂ, ਰੁੱਖ ਤਾਂ ਹਰੇ ਭਰੇ

ਮਾਵਾਂ ਠੰਢੀਆਂ ਛਾਵਾਂ, ਛਾਵਾਂ ਕੌਣ ਕਰੇ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬ ਦੇ ਰਵਾਇਤੀ ਰੁੱਖ ਟਾਹਲੀ ਨੇ ਇੱਥੋਂ ਦੀ ਭੂਗੋਲਿਕ ਖ਼ੂਬਸੂਰਤੀ ਵਿੱਚ ਵਾਧਾ ਹੀ ਨਹੀਂ ਕੀਤਾ, ਲੋਕ ਜੀਵਨ ਨਾਲ ਗੂੜ੍ਹੀ ਸਾਂਝ ਪਾ ਕੇ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਨੁਹਾਰ ਨੂੰ ਵੀ ਅਮੀਰੀ ਬਖ਼ਸ਼ੀ ਹੈ ਅਤੇ ਅਜਿਹੇ ਰੁੱਖਾਂ ਦਾ ਇਸ ਧਰਤੀ ਤੋਂ ਖ਼ਤਮ ਹੋ ਜਾਣਾ ਪੰਜਾਬ ਦੇ ਲੋਕ ਸਾਹਿਤ ਤੇ ਸਮਾਜਿਕ ਜ਼ਿੰਦਗੀ ਲਈ ਕਿਸੇ ਦੁਖਾਂਤ ਤੋਂ ਘੱਟ ਨਹੀਂ।ਅੱਜ ਜਦੋਂ ਦੁਨੀਆ ਵਾਂਗ ਪੰਜਾਬ ਦੇ ਲੋਕਾਂ ਨੇ ਵੀ ਆਧੁਨਿਕਤਾ ਦੇ ਜਹਾਜ਼ ਉੱਤੇ ਚੜ੍ਹ ਕੇ ਆਪਣੇ ਨਿੱਜੀ ਸੁਆਰਥਾਂ ਤੇ ਪਦਾਰਥਕ ਲਾਲਚਾਂ ਨੂੰ ਪੂਰਾ ਕਰਨ ਲਈ ਪਿੱਪਲ, ਬੋਹੜ, ਟਾਹਲੀ, ਅੰਬ, ਸ਼ਰੀਂਹ ਵਰਗੇ ਰਵਾਇਤੀ ਰੁੱਖਾਂ ਨੂੰ ਆਪਣੇ ਘਰਾਂ, ਖੇਤਾਂ ਬੰਨਿਆਂ, ਸੜਕਾਂ, ਨਹਿਰਾਂ ਦੇ ਕੰਢਿਆਂ ਤੋਂ ਦੂਰ ਕਰ ਦਿੱਤਾ ਹੈ ਤਾਂ ਸਿਹਤਮੰਦ ਕੁਦਰਤੀ ਚੌਗਿਰਦੇ ਦੀ ਅਣਹੋਂਦ ਕਾਰਨ ਬੰਦਾਂ ਆਪ ਰੁੱਖਾਂ ਦੀਆਂ ਗੂੜ੍ਹੀਆਂ ਛਾਵਾਂ ਤੇ ਹੋਰ ਕਈ ਕੁਦਰਤੀ ਰਹਿਮਤਾਂ ਦੇ ਸੁੱਖ ਤੋਂ ਮਹਿਰੂਮ ਹੋਇਆ ਹੀ ਹੈ, ਨਾਲ ਹੀ ਪੰਛੀ ਪਰਿੰਦਿਆਂ ਦੇ ਰੈਣ ਵਸੇਰਿਆਂ, ਚਹਿਕਣ, ਉਡਣ, ਬੈਠਣ ਲਈ ਰੁੱਖ ਤੇ ਰੁੱਖਾਂ ਦੇ ਝੁੰਡਾਂ ਦੀ ਕਮੀ ਨੇ ਜੀਵ ਜੰਤੂਆਂ ਦੀ ਹੋਂਦ ਉੱਤੇ ਵੀ ਕਈ ਸੁਆਲ ਖੜ੍ਹੇ ਕਰ ਦਿੱਤੇ ਹਨ। ਪੰਜਾਬ ਦੇ ਕੁਦਰਤੀ ਚੌਗਿਰਦੇ ਦੀਆਂ ਨਿਆਮਤਾਂ ਨਾਲ ਹੀ ਇੱਥੋਂ ਦੇ ਗੀਤ, ਲੋਕ ਗੀਤਾਂ, ਕਹਾਣੀਆਂ ਤੇ ਸਾਹਿਤਕ ਵੇਰਵਿਆਂ ਨੂੰ ਰੋਚਕ, ਨਿਵੇਕਲੀ ਤੇ ਕੁਦਰਤੀ ਰੰਗਤ ਮਿਲਦੀ ਰਹੀ ਹੈ।

ਪੰਜਾਬ ਦੀ ਧਰਤੀ ਉੱਤੇ ਹਰ ਸਾਲ ਕਣਕ, ਝੋਨੇ ਦੇ ਨਾੜ ਨੂੰ ਲੱਗਦੀਆਂ ਅੱਗਾਂ ਨਾਲ ਕਿਸਾਨਾਂ ਦੇ ਕਈ ਮਿੱਤਰ ਕੀੜੇ ਤੇ ਖੇਤਾਂ ਵਿੱਚਬਸੇਰਾ ਕਰਨ ਵਾਲੇ ਜੀਵ ਜੰਤੂ ਅੱਗ ਦੀਆਂ ਲਪਟਾਂ ਦਾ ਸ਼ਿਕਾਰ ਹੋ ਜਾਂਦੇ ਹਨ। ਮਾਹਿਰਾਂ ਮੁਤ-ਾਬਿਕ ਧਰਤੀ ਉੱਤੇ ਵਧ ਰਹੀ ਤਪਸ਼ ਤੇ ਉਦਯੋਗਿਕ ਵਿਕਾਸ ਨਾਲ ਕੁਦਰਤੀ ਚੌਗਿਰਦੇ ਪੈਦਾ ਹੁੰਦੀਆਂ ਜ਼ਹਿਰੀਲੀਆਂ ਗੈਸਾਂ ਦੇ ਮਾਰੂ ਪ੍ਰਭਾਵ ਨੂੰ ਰੋਕਣ ਲਈ ਇਨਸਾਨ ਲਈ ਇੱਕੋਂ ਹਥਿਆਰ ਕਾਂਗਰਸ ਸਾਬਤ ਹੋ ਸਕਦਾ ਹੈ, ਉਹ ਹੈ ਰੁੱਖ ਲਗਾਉਣ ਤੇ ਉਨ੍ਹਾਂ ਦੀ ਸੰਭਾਲ ਕਰਨ ਦਾ, ਕਿਉਂਕਿ ਰੁੱਖ ਹੀ ਚੌਗਿਰਦੇ ਵਿੱਚੋਂ ਕਾਰਬਨ ਡਾਈਆਕਸਾਈਡ ਤੇ ਹੋਰ ਜ਼ਹਿਰੀਲੀਆਂ ਗੈਸਾਂ ਨੂੰ ਸੋਖ ਕੇ ਬਦਲੇ ਵਿੱਚ ਆਕਸੀਜਨ ਦਿੰਦੇ ਹਨ। ਪੰਜਾਬ ਦੇ ਕਰੀਬ 12700 ਪਿੰਡਾਂ ਵਿੱਚ ਜੇ ਪੰਚਾਇਤਾਂ ਅਤੇ ਹੋਰ ਲੋਕ ਭਲਾਈ ਸੰਗਠਨ ਹਰ ਸਾਲ 100 ਨਵੇਂ ਰਵਾਇਤੀ ਦਰੱਖਤਾਂ ਦੇ ਬੂਟੇ ਲਾ ਕੇ ਉਨ੍ਹਾਂ ਨੂੰ ਕਾਮਯਾਬ ਕਰ ਦੇਣ ਤਾਂ ਸੂਬੇ ਵਿੱਚ ਨਵੇਂ ਦਰੱਖਤਾਂ ਦੀ ਗਿਣਤੀ ਕੁਝ ਸਾਲਾਂ ਵਿੱਚ ਹੀ ਲੱਖਾਂ ਵਿੱਚ ਹੋ ਸਕਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਦਿੱਲੀ ਗੁਰਦੁਆਰਾ ਕਮੇਟੀ ਦੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿਗੜ੍ਹੇ ਹਾਲਾਤਾਂ ਦਾ ਜ਼ੁੰਮੇਵਾਰ ਕੌਣ?

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਸਦਕਾ ਸਾਲ 1971 'ਚ ਸੁਸਾਇਟੀ ਰਜਿਸਟਰੇਸ਼ਨ ਐਕਟ 1860 ਦੇ ਤਹਿਤ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਸਾਇਟੀ ਦਾ ਗਠਨ ਕੀਤਾ ਗਿਆ ਸੀ 'ਤੇ ਇਸ ਰਜਿਸਟਰਡ ਸੁਸਾਇਟੀ ਦੀ ਦੇਖ-ਰੇਖ 'ਚ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀ ਪਹਿਲੀ ਬਰਾਂਚ ਇੰਡੀਆ ਗੇਟ ਵਿਖੇ ਸ਼ੁਰੂ ਕੀਤੀ ਗਈ ਸੀ। ਸਮੇਂ-ਸਮੇਂ 'ਤੇ ਇਸ ਸਕੂਲ ਦੀਆ ਹੋਰ ਬਰਾਂਚਾ ਖੋਲੀਆਂ ਗਈਆਂ 'ਤੇ ਮੋਜੂਦਾ ਸਮੇਂ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਨਾਮ ਹੇਠ 12 ਬਰਾਂਚਾਂ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਚੱਲ ਰਹੀਆਂ ਹਨ। ਦੱਸਣਯੋਗ ਹੈ ਕਿ ਅਜੋਕੇ ਸਮੇਂ ਇਸ ਸਕੂਲ ਦੇ ਵਿਦਿਆਰਥੀ ਵੱਡੇ-ਵੱਡੇ ਸਰਕਾਰੀ ਅਹੁਦਿਆਂ ਨਾਲ ਨਿਵਾਜੇ ਗਏ ਹਨ ਜਿਸ 'ਚ ਮੁੱਖ ਤੋਰ 'ਤੇ ਦਿੱਲੀ ਹਾਈ ਕੋਰਟ ਦੇ ਜੱਜ, ਸੀਨੀਅਰ ਅਫਸਰਾਂ ਤੋਂ ਇਲਾਵਾ ਦਿੱਲੀ ਸਰਕਾਰ ਦਾ ਇਕ ਸਿੱਖ ਮੰਤਰੀ 'ਤੇ ਹੋਰ ਉਘੇ ਸਨਅਤਕਾਰ ਵੀ ਸ਼ਾਮਿਲ ਹਨ। ਸਾਲ 2000 ਤਕ ਇਹਨਾਂ ਸਕੂਲਾਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਦਾ ਰਿਹਾ 'ਤੇ ਸਿਖਿਆ ਦਾ ਪੱਧਰ ਬਹੁਤ ਉੱਚਾ ਸੀ ਜਿਸ ਕਾਰਨ ਇਹਨਾਂ ਸਕੂਲਾਂ 'ਚ ਬਚਿਆਂ ਦਾ ਦਾਖਿਲਾ ਕਰਵਾਉਣ ਲਈ ਕਾਫੀ ਮਸ਼ੱਕਤ ਕਰਨੀ ਪੈਂਦੀ ਸੀ।

ਪਰੰਤੂ ਸਾਲ 2000 ਤੋਂ ਬਾਅਦ ਇਹਨਾਂ ਸਕੂਲਾਂ 'ਚ ਭਾਈ ਭਤੀਜਾਵਾਦ ਦਾ ਦੋਰ ਸ਼ੁਰੂ ਹੋ ਗਿਆ 'ਤੇ ਅਯੋਗ ਟੀਚਰਾਂ 'ਤੇ ਹੋਰਨਾ ਸਟਾਫ ਨੂੰ ਭਰਤੀ ਕੀਤਾ ਜਾਣ ਲਗ ਗਿਆ, ਜਿਸ ਨਾਲ ਸਿਖਿਆ ਦਾ ਪੱਧਰ ਹੇਠ ਡਿਗਣਾ ਸ਼ੁਰੂ ਹੋ ਗਿਆ 'ਤੇ ਵਿਦਿਆਰਥੀਆਂ ਦੀ ਗਿਣਤੀ ਵੀ ਲਗਾਤਾਰ ਘੱਟਣ ਲਗ ਗਈ।

ਨਾਜਾਇਜ ਭਰਤੀਆਂ ਦਾ ਦੋਰ ਸਾਲ 2002 ਤੋਂ 2013 ਤਕ ਸਭ ਤੋਂ ਵੱਧ ਰਿਹਾ ਜਦੋਂ ਉਸ ਸਮੇਂ ਦੇ ਪ੍ਰਬੰਧਕਾਂ ਵਲੋਂ ਆਪਣੀ ਕੁਰਸੀ ਬਚਾਉਣ ਦੀ ਖਾਤਿਰ ਇਹਨਾਂ ਸਕੂਲਾਂ ਦੇ ਚੇਅਰਮੈਂਨਾਂ ਨੂੰ ਨਾਜਾਇਜ 'ਤੇ ਅਯੋਗ ਭਰਤੀਆਂ ਕਰਨ ਦੀ ਪੂਰੀ ਖੁੱਲ ਦਿੱਤੀ ਗਈ, ਜਿਸਦੇ ਚਲਦੇ ਕੁੱਝ ਚੇਅਰਮੈਂਨਾਂ ਨੇ ਸਾਰੇ ਰਿਕ-ਾਰਡ ਤੋੜ੍ਹ ਕੇ ਬੇਸ਼ੁਮਾਰ ਅਯੋਗ 'ਤੇ ਬੇਲੋੜੀਦੀਆਂ ਭਰਤੀਆਂ ਕੀਤੀਆਂ ਜਿਸ 'ਚ ਮੁੱਖ ਤੋਰ 'ਤੇ ਦਫਤਰੀ ਸਟਾਫ ਸ਼ਾਮਿਲ ਸੀ, ਜਦਕਿ ਇਹਨਾਂ ਮੁਲਾਜਮਾਂ ਦੀ ਬਿਲਕੁਲ ਵੀ ਲੋੜ੍ਹ ਨਹੀ ਸੀ। ਬਾਦ 'ਚ ਇਹ ਬੇਸ਼ੁਮਾਰ ਭਰਤੀਆਂ ਇਕ ਵੱਡਾ ਨਾਸੂਰ ਬਣ ਗਈਆਂ ਜਿਸ ਨਾਲ ਮੋਜੂਦਾ ਸਮੇਂ ਇਹ ਸਕੂਲ ਬੰਦ ਹੋਣ ਦੇ ਕਗਾਰ 'ਤੇ ਖੜ੍ਹੇ ਹੋ ਗਏ ਹਨ। ਹਾਲਾਂਕਿ ਸਾਲ 2014 'ਚ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦੇ ਮੁਲਾਜਮਾਂ ਨੂੰ ਛੇਵੇਂ ਤਨਖਾਹ ਆਯੋਗ ਦੀ ਸਿਫਾਰਸ਼ਾਂ ਦੇ ਮੁਤਾਬਿਕ ਤਨਖਾਹਾਂ ਦੇਣ ਦਾ ਅਧੂਰਾ ਐਲਾਨ ਕੀਤਾ ਗਿਆ ਜਦਕਿ ਮੁਲਾਜਮ 1 ਜਨਵਰੀ 2006 ਤੋਂ ਵਧਾਈ ਗਈ ਤਨਖਾਹ ਦੇ ਹੱਕਦਾਰ ਸਨ। ਸਮੇਂ-ਸਮੇਂ ਦੇ ਪ੍ਰਬੰਧਕ ਪਿਛਲੇ 8 ਸਾਲਾਂ ਤੋਂ ਸਕੂਲਾਂ ਦੇ ਮੁਲਾਜਮਾਂ ਨੂੰ ਛੇਵੇਂ ਤਨਖਾਹ ਆਯੋਗ ਮੁਤਾਬਿਕ ਤਨਖਾਹਾਂ ਦਾ ਬਕਾਇਆ ਦੇਣ ਤੋਂ ਪਾਸਾ ਵੱਟ ਰਹੇ ਹਨ ਜਦਕਿ ਇਹਨਾਂ ਸਕੂਲਾਂ ਨੇ ਵਿਦਿਆਰਥੀਆਂ ਪਾਸੋਂ ਤਨਖਾਹ ਆਯੋਗ ਮੁਤਾਬਿਕ ਵੱਧਾ ਕੇ ਫੀਸਾਂ ਦੀ ਵਸੂਲੀ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਇਸ ਦੋਰਾਨ ਸਰਕਾਰ ਵਲੋਂ 1 ਜਨਵਰੀ 2016 ਨੂੰ ਸਤਵੇਂ ਤਨਖਾਹ ਆਯੋਗ ਦਾ ਵੀ ਐਲਾਨ ਕਰ ਦਿੱਤਾ ਗਿਆ, ਜਿਸ ਨੂੰ ਲਾਗੂ ਕਰਨ ਲਈ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਨੇ ਹੁਣ ਤਕ ਕੋਈ ਐਲਾਨ ਨਹੀ ਕੀਤਾ ਹੈ। ਇਸ ਤੋਂ ਇਲਾਵਾ ਸੇਵਾਮੁੱਕਤ ਮੁਲਾਜਮਾਂ ਨੂੰ ਉਹਨਾਂ ਦੀ ਗਰੈਚਯੁਟੀ 'ਤੇ ਹੋਰ ਬਣਦੇ ਹੱਕਾਂ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਤੋਂ ਵੀ ਪ੍ਰਬੰਧਕ ਇੰਨਕਾਰੀ ਹੋ ਰਹੇ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਲੱਚਰ ਕਾਰਗੁਜਾਰੀਆਂ ਦੇ ਚਲਦੇ ਕੁੱਝ ਮੁਲਾਜਮਾਂ ਨੇ ਅਦਾਲਤਾਂ ਦਾ ਸਹਾਰਾ ਲੈਣਾ ਮੁਨਾਸਿਬ ਸਮਝਿਆ। ਪਰੰਤੂ ਅਦਾਲਤਾਂ ਵਲੋਂ ਸਮੇਂ-ਸਮੇਂ ਤੇ ਪੀੜ੍ਹਤ ਮੁਲਾਜਮਾਂ ਨੂੰ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਦੇ ਜਾਰੀ ਆਦੇਸ਼ਾਂ ਦੀ ਵੀ ਪ੍ਰਬੰਧਕਾਂ ਨੇ ਕੋਈ ਪਰਵਾਹ ਨਹੀ ਕੀਤੀ 'ਤੇ ਨਾਂ ਹੀ ਅਦਾਲਤਾਂ 'ਚ ਉਹਨਾਂ ਆਪਣੇ ਵਲੋਂ ਦਿੱਤੇ ਹਲਫਨਾਮਿਆਂ 'ਤੇ ਕੋਈ ਅਮਲ ਕੀਤਾ, ਜਿਸਦੇ ਚਲਦੇ ਅਦਾਲਤ ਦੀ ਤੋਹੀਨ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ। ਦੱਸਣਯੋਗ ਹੈ ਕਿ ਬੀਤੇ 16 ਨਵੰਬਰ 2021 ਨੂੰ ਮਾਣਯੋਗ ਦਿੱਲੀ ਹਾਈ ਕੋਰਟ ਨੇ ਆਪਣੇ ਆਦੇਸ਼ ਰਾਹੀ ਇਹਨਾਂ ਸਕੂਲਾਂ ਦੇ ਮੁਲਾਜਮਾਂ ਨੂੰ ਛੇਵੇ 'ਤੇ ਸਤਵੇਂ ਤਨਖਾਹ ਆਯੋਗ ਲਾਗੂ ਕਰਨ 'ਤੇ ਹਰ ਪਟੀਸ਼ਨਕਰਤਾ ਨੂੰ 16 ਮਈ 2022 ਤਕ ਪੂਰੀ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਦੇ ਆਦੇਸ਼ ਦਿੱਤੇ ਸਨ, ਜਿਸਦਾ ਪਾਲਨ ਨਾਂ ਕਰਨ ਦੇ ਦੋਸ਼ 'ਚ ਅਦਾਲਤ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਮੋਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ 'ਤੇ ਸਬੰਧਿਤ ਅਹੁਦੇਦਾਰਾਂ ਨੂੰ ਬੀਤੇ 24 ਮਈ 2022 ਨੂੰ ਜਾਤੀ ਤੋਰ 'ਤੇ ਅਦਾਲਤ 'ਚ ਹਾਜਿਰ ਹੋਣ ਦੇ ਹੁੱਕਮ ਜਾਰੀ ਕੀਤੇ ਸਨ 'ਤੇ ਇਸ ਸੁਣਵਾਈ ਦੋਰਾਨ ਮਾਣਯੋਗ ਜਸਟਿਸ ਸੁਬਰਾਮਨਿਅਮ ਪ੍ਰਸਾਦ ਨੇ ਭਰੀ ਅਦਾਲਤ 'ਚ ਜ਼ੁੰਮੇਵਾਰ ਦੋਸ਼ੀ ਪ੍ਰਬੰਧਕਾਂ ਨੂੰ ਅਦਾਲਤ ਦੀ ਤੋਹੀਨ ਕਰਨ 'ਤੇ ਲੰਬੇ ਸਮੇਂ ਲਈ ਜੇਲ ਭੇਜਣ ਦੇ ਵੀ ਸੰਕੇਤ ਦਿੰਦਿਆਂ ਸਾਲ 2014 ਤੋਂ ਹੁਣ ਤਕ ਇਹਨਾਂ ਸਕੂਲਾਂ ਦੀ 12 ਬਰਾਂਚਾਂ ਦੀ ਸਕੂਲ ਮੈਨੇਜਮੈਂਟ ਕਮੇਟੀਆਂ (ਅਹੁਦੇਦਾਰਾਂ ਦੇ ਨਾਮ ਸਹਿਤ) 'ਤੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਸਾਇਟੀ ਦੀ ਬਣਤਰ ਬਾਰੇ ਹਲਫਨਾਮਾ ਦਾਖਿਲ ਕਰਨ ਲਈ ਕਿਹਾ ਹੈ, ਜਿਸ ਦੀ ਅਗਲੀ ਸੁਣਵਾਈ ਆਗਾਮੀ 2 ਜੂਨ 2020 ਨੂੰ ਨਿਰਧਾਰਿਤ ਕੀਤੀ ਗਈ ਹੈ।

ਇਹਨਾਂ ਸਕੂਲਾਂ ਦੇ ਮੋਜੂਦਾ ਮਾੜ੍ਹੇ ਹਾਲਾਤਾਂ ਦੇ ਜ਼ੁੰਮੇਵਾਰ ਮੁੱਖ ਤੋਰ 'ਤੇ ਸਾਲ 2000 ਤੋਂ ਲੈਕੇ ਹੁਣ ਤਕ ਦੀਆਂ ਸਾਰੀਆਂ ਕਮੇਟੀਆਂ ਦੇ ਅਹੁਦੇਦਾਰ ਹਨ, ਕਿਉਂਕਿ ਜੇਕਰ ਸਮਾਂ ਰਹਿੰਦੇ ਉਹਨਾਂ ਨੇ ਨਿਰਧਾਰਿਤ ਸਮੇਂ 'ਤੇ ਇਹਨਾਂ ਮੁਲਾਜਮਾਂ ਨੂੰ ਬਕਾਇਆ ਰਾਸ਼ੀ ਦਾ ਭੁਗਤਾਨ ਕੀਤਾ ਹੁੰਦਾ ਤਾਂ ਮੋਜੂਦਾ ਸਮੇਂ ਦੱਸੀ ਜਾਂਦੀ ਤਕਰੀਬਨ 200 ਕਰੋੜ੍ਹ ਰੁਪਏ ਦੀ ਦੇਣਦਾਰੀ ਨਾਂ ਹੁੰਦੀ । ਪ੍ਰਬੰਧਕਾਂ ਦੀ ਇਸ ਗੈਰ-ਜ਼ੁਮੇਵਾਰਾਨਾਂ ਕਾਰਗੁਜਾਰੀਆਂ ਨਾਲ ਜਿਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਕਾਰ ਨੂੰ ਸੱਟ ਵੱਜੀ ਹੈ ਉਥੇ ਇਹ ਸਕੂਲ ਵੀ ਬੰਦ ਹੋਣ ਦੇ ਕਗਾਰ 'ਤੇ ਪਹੁੰਚ ਗਏ ਹਨ, ਜੋ ਸਿੱਖ ਪੰਥ ਲਈ ਬਹੁਤ ਨਮੋਸ਼ੀ ਦੀ ਗਲ ਹੈ।



ਇੰਦਰ ਮੋਹਨ ਸਿੰਘ
ਸਾਬਕਾ ਮੈਂਬਰ,
ਦਿੱਲੀ ਸਿੱਖ
ਗੁਰੂਦੁਆਰਾ
ਪ੍ਰਬੰਧਕ ਕਮੇਟੀ
'ਤੇ
ਦਿੱਲੀ ਗੁਰੂਦੁਆਰਾ ਮਾਮਲਿਆਂ
ਦੇ ਜਾਣਕਾਰ
ਮੋਬਾਇਲ: 9971564801

# ਇੱਥੇ ਵੱਸੇਗਾ ਕਿਹੜਾ..

-ਸ਼ਵਿੰਦਰ ਕੌਰ

ਭਾਰਤ ਵਿੱਚ, ਖਾਸ ਕਰ ਕੇ ਪੰਜਾਬ ਵਿੱਚ ਦਿਨੋਂ ਦਿਨ ਵਿਦੇਸ਼ ਜਾਣ ਦਾ ਰੁਝਾਨ ਵਧ ਰਿਹਾ ਹੈ। ਬਾਰ੍ਹਵੀਂ ਜਮਾਤ ਪਾਸ ਕਰਦਿਆਂ ਹੀ ਹਰ ਕੋਈ ਆਈਲੈਟਸ ਦਾ ਟੈਸਟ ਪਾਸ ਕਰਨ ਦਾ ਯਤਨ ਕਰਦਾ ਹੈ ਤਾਂ ਜੋ ਵੀਜ਼ਾ ਲਗਵਾ ਕੇ ਜਹਾਜ਼ ਚੜ੍ਹਿਆ ਜਾ ਸਕੇ। ਥਾਂ ਥਾਂ ਖੁੱਲ੍ਹੇ ਆਈਲੈਟਸ ਕਰਾਉਣ ਵਾਲੇ ਸੈਂਟਰ ਇਸ ਗੱਲ ਦੀ ਗਵਾਹੀ ਭਰਦੇ ਹਨ। ਪਹਿਲਾਂ ਲੋਕ ਜੇ ਬਾਹਰ ਜਾਂਦੇ ਸਨ ਤਾਂ ਖੱਟੀ ਕਮਾਈ ਕਰ ਕੇ ਵਾਪਸ ਆ ਕੇ ਆਪਣੇ ਪਰਵਾਰ ਵਿੱਚ ਰਹਿੰਦੇ ਸਨ। ਉਸ ਕਮਾਈ ਨੂੰ ਪੰਜਾਬ ਵਿੱਚ ਜ਼ਮੀਨ ਖਰੀਦਣ ਲਈ ਨਿਵੇਸ਼ ਕਰਦੇ ਸਨ, ਪਰ ਅੱਜਕੱਲ੍ਹ ਜ਼ਮੀਨ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ।

ਆਪਣੀ ਜਨਮ ਭੋਇੰ, ਆਪਣਾ ਵਿਰਸਾ ਛੱਡ ਕੇ ਕਿਸੇ ਦਾ ਵੀ ਪਰਾਈ ਧਰਤੀ ਉੱਤੇ ਜਾਣ ਨੂੰ ਦਿਲ ਨਹੀਂ ਕਰਦਾ। ਜਦੋਂ ਵੱਡੀ ਪੱਧਰ ਉੱਤੇ ਪਰਵਾਸ ਹੋਣ ਲੱਗ ਪਿਆ ਹੈ ਤਾਂ ਇਸ ਦੇ ਕਈ ਕਾਰਨ ਹਨ। ਸਿੱਖਿਆ ਪ੍ਰਣਾਲੀ ਵਿੱਚ ਨਿਘਾਰ, ਘਟਦੇ ਰੁਜ਼ਗਾਰ ਦੇ ਮੌਕੇ, ਮਹਿੰਗੀ ਸਿੱਖਿਆ ਤੇ ਬੱਚਿਆਂ ਨੂੰ ਬਾਹਰ ਘੱਲਣ ਲਈ ਮਜਬੂਰ ਹਨ। ਅੱਜ ਦਾ ਨੌਜਵਾਨ ਪੜ੍ਹ ਲਿਖ ਕੇ ਵੀ ਆਪਣਾ ਅਤੇ ਪਰਵਾਰ ਦਾ ਗੁਜ਼ਾਰਾ ਕਰਨ ਤੋਂ ਅਸਮਰੱਥ ਹੈ, ਪਰ ਵਿਦੇਸ਼ਾਂ ਵਿੱਚ ਕੰਮ ਦੀ ਕਦਰ ਹੋਣ ਕਰ ਕੇ ਉਸ ਨੂੰ ਕੰਮ ਕਰਨ ਨੂੰ ਮਿਲ ਜਾਂਦਾ ਹੈ। ਕੰਮ ਨਾ ਮਿਲਣ ਦੀ ਸੂਰਤ ਵਿੱਚ ਸਮਾਜਿਕ ਭੱਤਾ ਮਿਲ ਜਾਂਦਾ ਹੈ। ਇਸ ਲਈ ਵੀ ਉਹ ਆਪਣਾ ਵਤਨ ਛੱਡ ਰਿਹਾ ਹੈ।ਪਹਿਲਾਂ ਪੰਜਾਬ ਵਿੱਚ ਲੋਕ ਖੇਤੀ ਕਰਨ ਨੂੰ ਪਹਿਲ ਦਿੰਦੇ ਸਨ, ਪਰ ਅੱਜ ਪੁਸ਼ਤੀ ਵੰਡ ਕਾਰਨ ਵਾਹੀਯੋਗ ਜੋਤਾਂ ਘਟਣਾ, ਖੇਤੀ ਲਾਗਤਾਂ ਵਿੱਚ ਅਥਾਹ ਵਾਧਾ, ਉਤਪਾਦਨ ਦਾ ਸਹੀ ਮੁੱਲ ਨਾ ਮਿਲਣ ਕਾਰਨ ਖੇਤੀ ਉੱਤੇ ਆਧਾਰਿਤ ਪਰਵਾਰਾਂ ਦਾ ਗੁਜ਼ਾਰਾ ਦਿਨ ਬਦਿਨ ਔਖਾ ਹੋ ਰਿਹਾ ਹੈ। ਭਵਿੱਖ ਤੋਂ ਚਿੰਤਤ ਹੋ ਕੇ ਕਿਸਾਨ ਆਪਣੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ। ਵਿਕਸਤ ਦੇਸ਼ਾਂ ਦਾ ਸ਼ਾਂਤਮਈ ਵਾਤਾਵਰਨ, ਵਧੀਆ ਆਰਥਿਕ ਅਤੇ ਸਮਾਜਿਕ ਢਾਂਚਾ ਵੀ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਦਾ ਹੈ।

ਕੁਝ ਦਹਾਕੇ ਪਹਿਲਾਂ ਵਿਦੇਸ਼ਾਂ ਵਿੱਚ ਆਮ ਤੌਰ ਉੱਤੇ ਆਦਮੀ ਹੀ ਜਾਂਦੇ ਸਨ। ਉਨ੍ਹਾਂ ਦੇ ਪਰਵਾਰ ਮਗਰ ਇੱਥੇ ਹੀ ਰਹਿੰਦੇ ਸਨ। ਵਿਦੇਸ਼ ਜਾਣ ਵਾਲੇ ਦੀ ਹਮਸਫ਼ਰ ਨਹੀਂ ਚਾਹੁੰਦੀ ਸੀ ਕਿ ਉਹ ਆਪਣਾ ਘਰ ਛੱਡ ਕੇ ਦੂਜੇ ਦੇਸ਼ ਨੂੰ ਜਾਵੇ। ਉਸ ਨੂੰ ਰੋਕਣ ਲਈ ਉਹ ਆਪਣੇ ਦਿਲ ਦੇ ਵਲਵਲੇ ਇਸ ਤਰ੍ਹਾਂ ਪੇਸ਼ ਕਰਦੀ ਹੈ-

ਕਾਹੇ ਨੂੰ ਛੱਤੀਆਂ ਬੈਠਕਾਂ

ਕਾਹੇ ਰੱਖਿਆ ਸੀ ਵਿਹੜਾ

ਆਪ ਚੱਲੇ ਪ੍ਰਦੇਸ਼ ਸਿੰਘ ਜੀ

ਇੱਥੇ ਵੱਸੇਗਾ ਕਿਹੜਾ।

ਘਰਾਂ ਦੀਆਂ ਮਜ਼ਬੂਰੀਆਂ, ਦਿਲ ਦੀਆਂ ਕਿੱਥੇ ਕਰਨ ਦਿੰਦੀਆਂ ਹਨ। ਰੋਜ਼ੀ ਰੋਟੀ ਦਾ ਸਵਾਲ ਉਸ ਨੂੰ ਜਾਣ ਲਈ ਮਜ਼ਬੂਰ ਕਰ ਦਿੰਦਾ ਹੈ। ਉਸ ਦੀ ਪਤਨੀ ਬਿਰਹਾ ਵਿੱਚ ਬਲਦੀ ਹੈ, ਦੁਖਦੀ ਹੈ। ਆਪਣੇ ਇਕੱਲੇਪਣ ਦੀ ਹੰਢਾਈ ਪੀੜ ਨੂੰ ਆਪਣੀ ਮਾਨਸਿਕ ਸਥਿਤੀ ਨੂੰ ਪੇਸ਼ ਕਰ ਕੇ ਉਸ ਵੱਲੋਂ ਸਿਰਜੇ ਕੁਝ ਟੱਪੇ ਹਨ-

* ਪਿੱਪਲ ਦਿਆ ਪੱਤਿਆ ਵੇ, ਕੇਹੀ ਛਾਂ ਕੀਤੀ ਆ

ਉਮਰ ਬਸੰਤੀ ਚੰਨਾ, ਸਾਡੀ ਐਵੇਂ ਬੀਤੀ ਆ।

* ਪਿੱਪਲ ਦੇ ਪੱਤਿਆ ਵੇ, ਕੇਹੀਆਂ ਛੱਡੀਆਂ ਲਗਰਾਂ

ਢੋਲ ਪਰਦੇਸੀ ਸਈਓ, ਕੌਣ ਲਿਆਵੇ ਖ਼ਬਰਾਂ।

* ਚੜ੍ਹਿਆ ਮਹੀਨਾ ਚੇਤ, ਦਿਲਾਂ ਦੇ ਭੇਤ,

ਕੋਈ ਨਹੀਂ ਜਾਣਦਾ।

ਉਹ ਗਿਆ ਪ੍ਰਦੇਸ਼, ਜੋ ਸੀ ਸਾਡੇ ਹਾਣ ਦਾ।

ਪਝੰਤਰ ਫੀਸਦੀ ਪੰਜਾਬੀ ਆਪਣੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਵਿਦੇਸ਼ ਭੇਜਣਾ ਚਾਹੁੰਦੇ ਹਨ। ਸਰਕਾਰਾਂ ਵੱਲੋਂ ਨੌਜਵਾਨਾਂ ਦੇ ਭਵਿੱਖ ਸਬੰਧੀ ਹਾਂ ਪੱਖੀ ਹੁੰਗਾਰਾ ਨਾ ਭਰਨ ਕਰਕੇ, ਰੁਜ਼ਗਾਰ ਦੀ ਘਾਟ ਕਾਰਨ ਤੇ ਰਾਜ ਵਿੱਚ ਨਸ਼ਿਆਂ ਦੀ ਭਰਮਾਰ ਕਾਰਨ, ਬੇਰੁਜ਼ਗਾਰੀ ਕਾਰਨ ਨਸ਼ਿਆਂ ਵਿੱਚ ਪੈ ਜਾਣ ਤੋਂ ਡਰਦੇ ਵੀ ਲੋਕ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਜਾਣ ਲਈ ਮਜ਼ਬੂਰ ਕਰਦੇ ਹਨ। ਇਨ੍ਹਾਂ ਕਾਰਨਾਂ ਦਾ ਖੁਲਾਸਾ ਕਰਦਾ ਅਮਰਿੰਦਰ ਗਿੱਲ ਦਾ ਗਾਇਆ ਇੱਕ ਖੂਬਸੂਰਤ ਗੀਤ ਹੈ-

ਜੇ ਸਰਕਾਰਾਂ ਚੰਗੀਆਂ ਹੁੰਦੀਆਂ,

ਕਿਸੇ ਦੇ ਘਰ ਨਾ ਤੰਗੀਆਂ ਹੁੰਦੀਆਂ।

ਵਿਹਲਾ ਧੀ ਪੁੱਤ ਵਿਗੜ ਨਾ ਜਾਵੇ,

ਮਾਪਿਆਂ ਨੂੰ ਸੀ ਫ਼ਿਕਰ ਜਿਹਾ।

ਨਸ਼ਿਆਂ ਦਾ ਹੜ੍ਹ ਚੜ੍ਹਿਆ ਆਉਂਦਾ,

ਖ਼ਬਰਾਂ ਵਿੱਚ ਸੀ ਜ਼ਿਕਰ ਜਿਹਾ।

ਡਰਦਿਆਂ ਮਾਰਿਆਂ ਜਿਗਰ ਚੀਰਨੇ,

ਪੈ ਗਏ ਭਲੀਆਂ ਮਾਵਾਂ ਨੂੰ।

ਦੇਸ਼ ਦੇ ਸਿਸਟਮ ਤੋਂ ਅੱਕੇ ਨੌਜਵਾਨ ਵਿਦੇਸ਼ ਜਾ ਰਹੇ ਹਨ। ਇੱਥੇ ਰਹਿ ਕੇ ਉਚ ਵਿੱਦਿਆ ਪ੍ਰਾਪਤ ਨੌਜਵਾਨਾਂ ਨੂੰ ਵੀ ਨੌਕਰੀ ਨਹੀਂ ਮਿਲਦੀ। ਸਰਕਾਰੀ ਨੌਕਰੀਆਂ ਖ਼ਤਮ ਹੋ ਰਹੀਆਂ ਹਨ। ਪ੍ਰਾਈਵੇਟ ਅਦਾਰੇ ਦਸ ਪੰਦਰਾਂ ਹਜ਼ਾਰ ਮਹੀਨਾ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਮਜ਼ਬੂਰੀ ਵੱਸ ਜਦੋਂ ਅਠਾਰਾਂ ਉਨੀ ਸਾਲਾਂ ਦੇ ਬੱਚੇ ਪਰਾਈ ਧਰਤੀ ਉੱਤੇ ਪੈਰ ਰੱਖਦੇ ਹਨ ਤਾਂ ਆਪਣਾ ਗੁਜ਼ਾਰਾ ਕਰਨ ਅਤੇ ਫੀਸਾਂ ਭਰਨ ਲਈ ਉਹ ਹਰ ਤਰ੍ਹਾਂ ਦਾ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਇਹ ਉਨ੍ਹਾਂ ਦੀ ਮਜ਼ਬੂਰੀ ਹੁੰਦੀ ਹੈ। ਉਨ੍ਹਾਂ ਦੀ ਇਸ ਵੇਦਨਾ ਦਾ ਪ੍ਰਗਟਾਵਾ ਕਰਦਾ ਅਮਰਿੰਦਰ ਗਿੱਲ ਦਾ ਇੱਕ ਗੀਤ-

ਕਰਦੀਆਂ ਨੇ ਸੋਹਲ ਜਿੰਦੜੀਆਂ

ਹਰ ਕੋਈ ਕੰਮ ਹੌਲਾ ਭਾਰਾ।

ਸੂਲਾਂ ਉੱਤੇ ਸੌਣ ਜਿਹਾ

ਇਹ ਚੰਦਰੀ ਪੀ ਆਰ ਦਾ ਰੌਲਾ।

ਆਪਣਿਆਂ ਨੂੰ ਆਪਣੇ ਲੁੱਟਦੇ

ਤੱਕ ਕੇ ਮਜ਼ਬੂਰ ਮਾਂ।

ਆਬਾਂ ਦੇ ਦੇਸੋਂ ਕੁੜੀਆਂ

ਚੱਲ ਆਈਆਂ ਦੂਰ ਮਾਂ।

ਵਿਦੇਸ਼ ਦੀ ਧਰਤੀ ਉੱਤੇ ਰਹਿੰਦਿਆਂ ਰੁਜ਼ਗਾਰ ਮਿਲ ਜਾਂਦਾ ਹੈ, ਪਰ ਆਪਣਾ ਸੱਭਿਆਚਾਰ ਅਤੇ ਆਪਣੇਪਣ ਵਾਲਾ ਮਾਹੌਲ ਨਹੀਂ ਮਿਲਦਾ। ਫਿਰ ਬਜ਼ੁਰਗਾਂ ਵੱਲੋਂ ਸਿਰ ਉੱਤੇ ਰੱਖੇ ਅਸੀਸਾਂ ਦਿੰਦੇ ਹੱਥ ਯਾਦ ਆਉਂਦੇ ਹਨ। ਇਸ ਤਰਸੇਵੇਂ ਨੂੰ ਪ੍ਰਗਟ ਕਰਦਾ ਐਮੀ ਵਿਰਕ ਦੀ ਫਿਲਮ ਦਾ ਗੀਤ-

ਅਸੀਂ ਨਵੀਂ ਜ਼ਿੰਦਗੀ, ਨਵਾਂ ਜ਼ਮਾਨਾ,

ਨਵੀਆਂ ਰੁੱਤਾਂ ਲੱਭਦੇ ਰਹੇ,

ਇੱਕ ਚਾਨਣ ਦੀ ਲੀਕ ਲਈ,

ਪਰਛਾਵਿਆਂ ਪਿੱਛੇ ਭੱਜਦੇ ਰਹੇ।

ਹਾਏ ਭਰੇ ਨਾ ਹੁੰਗਾਰਾ ਕੋਈ ਕਾਹਤੋਂ ਸਾਡੇ ਰੋਸ ਦਾ,

ਨੀਂ ਮਾਏ ਇੱਥੇ ਸਾਡਾ ਕੋਈ ਸਿਰ ਨੀ ਪਲੋਸਦਾ।

ਜੇ ਸਾਡੀਆਂ ਸਰਕਾਰਾਂ ਚਾਹੁੰਦੀਆਂ ਹਨ ਕਿ ਦੇਸ਼ ਦੇ ਹੋਣਹਾਰ ਨੌਜਵਾਨ ਵਿਦੇਸ਼ਾਂ ਵੱਲ ਰੁਖ਼ ਨਾ ਕਰਨ ਤਾਂ ਸਿੱਖਿਆ ਪ੍ਰਣਾਲੀ ਅਜਿਹੀ ਬਣਾਈ ਜਾਵੇ ਜੋ ਨੌਜਵਾਨਾਂ ਨੂੰ ਰੁਜ਼ਗਾਰ ਦਿੰਦੀ ਹੋਵੇ। ਆਰਥਿਕ ਵਸੀਲਿਆਂ ਨੂੰ ਉਪਜਾਉਣ ਦੇ ਨਾਲ ਲੋਕਾਂ ਨੂੰ ਆਪਣੀ ਧਰਤੀ ਨਾਲ ਜੁੜੇ ਰੱਖਣ ਲਈ ਕਾਰਪੋਰੇਟ ਪੱਖੀ ਕਾਨੂੰਨ ਬਣਾਉਣ ਦੀ ਥਾਂ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਕਾਨੂੰਨ ਬਣਾਏ ਜਾਣ। ਨੌਜਵਾਨ ਦੇਸ਼ ਦਾ ਸਰਮਾਇਆ ਹੁੰਦੇ ਹਨ। ਇਹ ਸਾਡਾ ਅਨਮੋਲ ਖ਼ਜ਼ਾਨਾ ਨੌਜਵਾਨ ਵਰਗ, ਹੁਨਰ ਅਤੇ ਪੈਸਾ ਵੀ ਫੀਸਾਂ ਦੇ ਰੂਪ ਵਿੱਚ ਬਾਹਰ ਜਾ ਰਿਹਾ ਹੈ।

ਦੇਸ਼ ਵਿੱਚੋਂ ਖਾਸ ਕਰਕੇ ਪੰਜਾਬ ਵਿੱਚੋਂ ਜਿੰਦਾਂ ਪਰਵਾਸ ਹੋ ਰਿਹਾ ਹੈ, ਜੇ ਇਸ ਨੂੰ ਨਾ ਰੋਕਿਆ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇੱਥੇ ਸਿਰਫ਼ ਬਜ਼ੁਰਗ ਘਰਾਂ ਵਿੱਚ ਰਹਿ ਜਾਣਗੇ। ਸੁੰਨੇ ਵਿਹੜੇ ਆਪਣਿਆਂ ਦੀ ਪੈੜ ਚਾਲ ਸੁਣਨ ਲਈ ਤਰਸ ਜਾਣਗੇ। ਬਜ਼ੁਰਗ ਆਪਣੇ ਬਿਰਧ ਸਰੀਰਾਂ ਨੂੰ ਸਹਾਰਾ ਦੇਣ ਲਈ ਆਪਣਿਆਂ ਦਾ ਰਾਹ ਤੱਕਦੇ, ਦਿਲਾਂ ਵਿੱਚ ਮਿਲਣ ਦੀ ਤਾਂਘ ਲਈ ਇਸ ਦੁਨੀ ਤੋਂ ਰੁਖ਼ਸਤ ਹੋ ਜਾਣਗੇ। ਗੁਰੂਆਂ, ਪੀਰਾਂ ਦੀ ਵਰੋਸਾਈ ਇਸ ਪੰਜਾਬ ਦੀ ਧਰਤੀ ਨੂੰ ਮੌਲਦਾ ਰੱਖਣ ਲਈ, ਇਸ ਦੇ ਵਾਰਸਾਂ ਨੂੰ ਇੱਥੇ ਵੱਸਦੇ ਰੱਸਦੇ ਰੱਖਣ ਲਈ ਤਨੋਂ ਮਨੋਂ ਗੰਭੀਰ ਯਤਨ ਕਰਨ ਦੀ ਜ਼ਰੂਰਤ ਹੈ।

## ਕਹਾਣੀ

# ਕਿਰਪਾ

-ਡਾਕਟਰ ਨੀਲਕਮਲ ਕਪੂਰ-

ਅਨਿਮੇਸ਼ ਧੜੰਮ ਨਾਲ ਆ ਕੇ ਸੋਫੇ ਉੱਤੇ ਮੇਰੇ ਨਾਲ ਬੈਠ ਗਿਆ, ''ਕੀ ਯਾਰ ਭੂਆ, ਪਾਪਾ ਵੀ ਨਾ।''

ਮੈਂ ਉਪਰ ਤੋਂ ਸੀਰੀਅਸ ਦਿਸਦੇ ਹੋਏ ਮਨ ਵਿੱਚ ਮੁਸਕਰਾ ਪਈ। ਮੈਨੂੰ ਪਤਾ ਸੀ ਕਿ ਇਹ ਹਰ ਮਹੀਨੇ ਪਿਓ-ਪੁੱਤਰ ਵਿੱਚ ਹੋਏ ਲੜਾਈ ਦਾ ਇੱਕ ਹੋਰ ਐਪੀਸੋਡ ਹੈ ਅਤੇ ਅਨਿਮੇਸ਼ ਸ਼ੁਰੂ ਹੋ ਜਾਏਗਾ ਅਤੇ ਆਪਣੇ ਪਾਪਾ ਯਾਨੀ ਮੇਰੇ ਛੋਟੇ ਭਰਾ ਅਖਿਲ ਦੀਆਂ ਸ਼ਿਕਾਇਤਾਂ ਦਾ ਪੁਲੰਦਾ ਖੋਲ੍ਹ ਕੇ।ਮੇਰੇ ਪੇਕੇ ਅਤੇ ਸਹੁਰੇ ਇੱਕੋ ਸ਼ਹਿਰ ਵਿੱਚ ਹੋਣ ਕਰ ਕੇ ਮੈਂ ਹਰ ਕਿਸੇ ਨਾਲ ਅਪਡੇਟਿਡ ਰਹਿੰਦੀ ਹਾਂ ਅਤੇ ਅਨਿਮੇਸ਼ ਨਾ ਸਿਰਫ ਮੇਰਾ ਦੁਲਾਰਾ ਹੈ, ਬਲਕਿ ਪੂਰੇ ਘਰ ਵਿੱਚ ਆਪਣੇ ਦਿਲ ਦੀ ਗੱਲ ਵੀ ਕੇਵਲ ਮੇਰੇ ਨਾਲ ਕਰਦਾ ਹੈ। ਆਖਰ ਆਪਣੀ ਮਾਂ ਦੀ ਸ਼ੁਰੂ-ਸ਼ੁਰੂ ਦੀ ਬਿਮਾਰੀ ਦੇ ਕਾਰਨ ਮੇਰੀ ਗੋਦ ਵਿੱਚ ਹੀ ਪਲਿਆ ਹੈ। ਉਸ ਨੇ ਦੋ ਸਾਲ ਪਹਿਲਾਂ ਐਮ ਬੀ ਏ ਕੀਤਾ ਹੈ ਅਤੇ ਉਸ ਦੇ ਬਾਅਦ ਉਸ ਦਾ ਕੈਂਪਸ ਪਲੇਸਮੈਂਟ ਵੀ ਸਾਡੇ ਸ਼ਹਿਰ ਵਿੱਚ ਹੋ ਗਿਆ। ਐਵਰੇਜ ਇੰਸਟੀਚਿਊਟ ਤੋਂ ਐਮ ਬੀ ਏ ਕੀਤੀ ਤਾਂ ਕੰਪਨੀ ਅਤੇ ਤਨਖਾਹ ਵੀ ਐਵਰੇਜ ਹੀ ਹੈ। ਉਸ ਨੂੰ ਨੌਕਰੀ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ, ਕਿਉਂਕਿ ਅਖਿਲ ਦੀ ਬਹੁਤ ਵਧੀਆ ਚੰਗੀ ਚਲਦੀ ਹੋਈ ਦੁਕਾਨ ਪੁਰਾਣੇ ਸ਼ਹਿਰ ਵਿੱਚ ਹੈ। ਅਤੇ ਦਰਅਸਲ ਪਿਓ-ਪੁੱਤਰ ਦੀ ਝਿਕਝਿਕ ਵੀ ਜ਼ਿਆਦਾਤਰ ਇਸੇ ਗੱਲ ਉੱਤੇ ਹੁੰਦੀ ਹੈ। ਅਖਿਲ ਚਾਹੁੰਦਾ ਹੈ ਕਿ ਅਨਿਮੇਸ਼ ਦੁਕਾਨ ਨੂੰ ਸੰਭਾਲੇ ਅਤੇ ਬਿਜ਼ਨਸ ਵਧਾਏ ਅਤੇ ਅਨਿਮੇਸ਼ ਦੇ ਲਈ ਤਾਂ ਘਰ ਦੀ ਮੁਰਗੀ ਦਾਲ ਬਰਾਬਰ, ਪ੍ਰੰਤੂ ਬਾਹਰ ਜੋ ਮਿਲਿਆ ਹੈ, ਉਸ ਤੋਂ ਵੀ ਸੰਤੁਸ਼ਟ ਨਹੀਂ ਹੈ।

ਅਨਿਮੇਸ਼ ਨਾਲ ਅੱਗੇ ਕੁਝ ਗੱਲ ਸ਼ੁਰੂ ਹੁੰਦੀ, ਇਸ ਤੋਂ ਪਹਿਲਾਂ ਹੀ ਅਹਿਲਿਆ ਬਾਈ ਮੇਰੇ ਪੋਤਰੇ ਨੂੰ ਗੋਦ ਵਿੱਚ ਚੁੱਕੀ ਆ ਗਈ। ਮੇਰੇ ਨੂੰਹ-ਪੁੱਤ ਮੁੰਬਈ ਵਿੱਚ ਨੌਕਰੀ ਕਰਦੇ ਹਨ। ਉਨ੍ਹਾਂ ਦਾ ਛੇ ਮਹੀਨੇ ਦਾ ਬੇਟਾ ਵਿਦੁਰ ਮੇਰੇ ਹੀ ਕੋਲ ਰਹਿੰਦਾ ਹੈ, ਕਿਉਂਕਿ ਮੁੰਬਈ ਵਿੱਚ ਉਸ ਨੂੰ ਦੇਖਣ ਵਾਲਾ ਕੋਈ ਨਹੀਂ। ਅਹਿਲਿਆ ਬਾਈ ਨੂੰ ਉਸੇ ਦੇ ਲਈ ਰੱਖਿਆ ਹੋਇਆ ਹੈ। 24 ਘੰਟੇ ਸਾਡੇ ਹੀ ਘਰ ਉੱਤੇ ਰਹਿੰਦੀ ਹੈ ਅਤੇ ਛੋਟੇ ਬੱਚੇ ਨੂੰ ਸੰਭਾਲਣ ਵਿੱਚ ਮੇਰੀ ਮਦਦ ਕਰਦੀ ਹੈ। ਖ਼ੂਬ ਖ਼ੁਸ਼ਮਿਜਾਜ਼ ਹੈ ਅਹਿਲਿਆ ਅਤੇ ਮਿਹਨਤੀ ਵੀ। ਪੰਜਵੀਂ ਤੱਕ ਪੜ੍ਹੀ ਹੈ, ਦਿਮਾਗ ਬਹੁਤ ਤੇਜ਼ ਚੱਲਦਾ ਹੈ। ਇੱਕ ਵਾਰ ਜੋ ਗੱਲ ਸਮਝਾ ਦਿਓ, ਅੱਗੇ ਉਸ ਨੂੰ ਬਿਨਾਂ ਗਲਤੀ ਕੀਤੇ ਕਰਦੀ ਹੈ। ਵੈਸੇ ਗਾਲ੍ਹੜੀ ਕਾਫੀ ਹੈ, ਚਾਹੇ ਮੋਬਾਈਲ ਉੱਤੇ ਗੱਲ ਕਰਨੀ ਹੋਵੇ ਜਾਂ ਕੋਈ ਗੱਲ ਸੁਣਨ-ਕਰਨ ਵਾਲਾ ਮਿਲ ਜਾਏ ਤਾਂ ਦੇਖੋ, ਪ੍ਰੰਤੂ ਖੂਬੀ ਇਹ ਹੈ ਕਿ ਕੰਮ ਸਭ ਤੋਂ ਪਹਿਲਾਂ। ਜਦ ਨੌਕਰੀ ਦੀ ਗੱਲ ਕਰਨ ਆਈ ਤਾਂ ਸਾਰਾ ਕੁਝ ਦੱਸ ਦਿੱਤਾ ਸੀ, ਸਿਰਫ ਬੱਚੇ ਦਾ ਕੰਮ ਬਿਨਾਂ ਕੋਈ ਕਸਰ ਕਰਾਂਗੀ, ਉਸ ਦੇ ਇਲਾਵਾ ਕੋਈ ਕੰਮ ਨਾ ਦੱਸਣਾ। ਮੇਰੇ ਲਈ ਤੇਲ, ਸਾਬਣ, ਕੰਘੀ, ਨਾਸ਼ਤਾ, ਰਹਿਣ-ਸਹਿਣ ਦਾ ਸਾਰਾ ਇੰਤਜ਼ਾਮ ਤੁਹਾਨੂੰ ਕਰਨਾ ਹੋਵੇਗਾ। ਵਗੈਰਾ ਵਗੈਰਾ ਸ਼ਰਤਾਂ। ਬੜੇ ਮਜ਼ੇ ਨਾਲ ਕਹਿ ਗਈ ਕਿ ਭੋਜਨ ਦੀ ਕੋਈ ਗੱਲ ਨਹੀਂ, ਜੋ ਤੁਸੀਂ ਲੋਕ ਖਾਓਗੇ, ਉਹੀ ਮੈਂ ਖਾ ਲਵਾਂਗੀ। ਸੱਚ ਵਿੱਚ ਅਹਿਲਿਆ ਬਾਈ ਸਿਰਫ ਤਿੰਨ ਸਾੜੀਆਂ ਬਲਾਊਜ਼, ਪੇਟੀਕੋਟ ਨੂੰ ਝੋਲੇ ਵਿੱਚ ਰੱਖ ਉਸ ਦੇ ਕਹੇ ਹੋਏ ਦਿਨ ਅਤੇ ਸਮੇਂ ਉੱਤੇ ਹਾਜ਼ਰ ਹੋ ਗਈ ਸੀ। ਉਸ ਦੇ ਪਤੀ ਦੀ ਮੌਤ ਹੋ ਚੁੱਕੀ ਸੀ ਅਤੇ ਬੱਚੇ ਆਪਣੇ-ਆਪਣੇ ਪਰਵਾਰਾਂ ਵਿੱਚ ਮਸਤ ਸਨ।

ਅਹਿਲਿਆ ਬਾਈ ਸੁੱਤੇ ਹੋਏ ਵਿਦੁਰ ਨੂੰ ਲੈ ਕੇ ਉਥੇ ਬੈਠ ਗਈ ਅਤੇ ਬੜੇ ਧਿਆਨ ਨਾਲ ਸਾਡੀਆਂ ਗੱਲਾਂ ਸੁਣਨ ਲੱਗ ਗਈ। ਅਨਿਮੇਸ਼ ਆਪਣੀ ਰੌਂਅ ਵਿੱਚ ਬੋਲੀ ਜਾਂਦਾ ਸੀ, ''ਦੇਖੋ ਭੂਆ, ਦਫਤਰ ਵਿੱਚ ਸਾਰਾ ਦਿਨ ਕੰਮ ਕਰਵਾਉਂਦੇ ਹਨ 25 ਹਜ਼ਾਰ ਰੁਪਏ ਮਹੀਨੇ ਵਿੱਚ ਅਤੇ ਪ੍ਰਕਸ (ਸਹੂਲਤਾਂ) ਕੁਝ ਖਾਸ ਨਹੀਂ ਹਨ। ਬੱਸ ਇੰਨੀ ਜਿਹੀ ਗੱਲ, ਮੈਂ ਨਾਸ਼ਤਾ ਲਾਉਂਦੀ ਹੋਈ ਮੰਮੀ ਨੂੰ ਕਹਿ ਰਿਹਾ ਸੀ ਕਿ ਪਾਪਾ ਜੀ ਕਮਰੇ ਵਿੱਚੋਂ ਨਿਕਲ ਕੇ ਚਾਲੂ ਹੋ ਗਏ, ਹੋਰਾਂ ਦੇ ਕੋਲ ਗੁਲਾਮੀ ਕਰੋ, ਘਰ ਦਾ ਵਧੀਆ ਕੰਮ ਛੱਡ ਕੇ। ਹਾਂ ਬਈ ਨੌਕਰੀ ਵੱਡੀ ਹੈ ਅਤੇ ਮਾਲਕੀ ਛੋਟੀ ਵਗੈਰਾ ਵਗੈਰਾ। ਮੈਂ ਵੀ ਮਾਰੇ ਗੁੱਸੇ ਦੇ ਨਾਸ਼ਤਾ ਛੱਡ ਕੇ ਨਿਕਲ ਆਇਆ। ਬੜੀ ਭੁੱਖ ਲੱਗ ਰਹੀ ਹੈ। ਕੁਝ ਖਵਾਓ ਭੂਆ।''

ਮੈਂ ਜਦ ਤੱਕ ਅਨਿਮੇਸ਼ ਲਈ ਨਾਸ਼ਤਾ ਲਿਆਉਣ ਲਈ ਉਠੀ, ਤਦ ਤੱਕ ਅਹਿਲਿਆ ਬਈ ਨੇ ਅਨਿਮੇਸ਼ ਤੋਂ ਪੁੱਛ ਲਿਆ ਸੀ ਕਿ ''ਯੇ ਪਰਕ ਕਾ ਹੋਤਾ ਹੈ ਭਈਆ।''

ਜਦ ਤੱਕ ਮੈਂ ਪੋਹਾ, ਚਾਹ ਅਤੇ ਨਮਕੀਨ ਲੈ ਕੇ ਆਈ, ਤਦ ਤੱਕ ਅਹਿਲਿਆ ਬਾਈ ਮਜ਼ੇ ਨਾਲ ਆਪਣੀ ਕਹਾਣੀ ਸੁਣਾ ਰਹੀ ਸੀ ਤੇ ਅਨਿਮੇਸ਼ ਬਾਬੂ ਸੁਣ ਰਹੇ ਸਨ। ''ਭਈਆ ਮੈਂ ਤੋ ਗਾਂਵ ਕੇ ਇਸਕੂਲ ਸੇ ਬੱਸ ਪਾਂਚ ਕਿਲਾਸ ਪੜ੍ਹੀ ਸੀ ਕਿ ਮੇਰਾ ਬਿਆਹ ਹੋ ਗਿਆ। ਆਦਮੀ ਮਜ਼ਦੂਰ ਥਾ, ਮੁਝੇ ਭੀ ਕਾਮ ਪਰ ਲਗਾ ਦੀਆ। ਆਪ ਸਮਝੋ ਭਈਆ ਰੋਜ਼ ਦਸ-ਦਸ ਮੀਲ ਪੈਦਲ ਜਾਤੇ ਮਜ਼ਦੂਰੀ ਕੇ ਲੀਏ। ਏਕ ਬੱਚਾ ਗੋਦ ਮੇਂ, ਦੂਸਰਾ ਪੇਟ ਮੇਂ। ਮੇਰੇ ਸਰ ਪਰ ਰੋਟੀ ਕੀ ਪੋਟਲੀ ਔਰ ਆਦਮੀ ਕੇ ਸਰ ਪਰ ਪੰਦਰਾਂ-ਬੀਸ ਲੀਟਰ ਪਾਨੀ ਦਾ ਡੱਬਾ। ਗਰਮੀਓਂ ਮੇਂ ਇਤਨਾ ਪਾਨੀ ਦਿਨ ਮੇਂ ਖਤਮ ਹੋ ਜਾਤਾ ਥਾ।''


ਕਹਾਣੀ ਅੱਗੇ ਨਾ ਵਧ ਸਕੀ, ਕਿਉਂਕਿ ਆਪਣਾ ਮਨਪਸੰਦ ਪੋਹਾ ਦੇਖ ਕੇ ਅਨਿਮੇਸ਼ ਦੀਆਂ ਅੱਖਾਂ ਚਮਕ ਗਈਆਂ ਅਤੇ ਉਹ ਉਸ ਵਿੱਚ ਮਗਨ ਹੋ ਗਿਆ। ਇਧਰ ਵਿਦੁਰ ਨੇ ਠਿਨਕਣਾ ਸ਼ੁਰੂ ਕਰ ਦਿੱਤਾ ਸੀ ਤਾਂ ਅਹਿਲਿਆ ਬਾਈ ਉਸ ਨੂੰ ਲੈ ਕੇ ਅੰਦਰ ਚਲੀ ਗਈ। ਮੈਂ ਅਨਿਮੇਸ਼ ਨੂੰ ਸਮਝਾਉਣ ਬੈਠ ਗਈ। ਮੈਂ ਕਿਹਾ, 'ਨਾ ਮੇਰਾ ਬੜਾ ਪਿਆਰਾ ਏ ਅਨਿਮੇਸ਼। ਜਦੋਂ ਉਹ ਚਿੜਦਾ ਹੈ ਤਾਂ ਮੇਰਾ ਦਿਲ ਦੁਖੀ ਹੁੰਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਸ ਦੀ ਹਰ ਸਹੀ-ਗਲਤ ਵਿੱਚ ਮੇਰੀ ਸਹਿਮਤੀ ਹੈ।'

ਮੈਂ ਆਪਣਾ ਕੰਮ ਖਤਮ ਕਰ ਕੇ ਸੋਚਿਆ ਕਿ ਜ਼ਰਾ ਦੇਖ ਲਵਾਂ ਕਿ ਵਿਦੁਰ ਨੇ ਦੁੱਧ ਪੂਰਾ ਪੀ ਲਿਆ ਕਿ ਨਹੀਂ। ਬੋਤਲ ਬਣਾ ਕੇ ਅਹਿਲਿਆ ਬਾਈ ਨੂੰ ਦੇ ਕੇ ਆਈ ਸੀ। ਕਮਰੇ ਵਿੱਚ ਝਾਕਿਆ ਤਾਂ ਦਿਸਿਆ ਕਿ ਵਿਦੁਰ ਤਾਂ ਮਜ਼ੇ ਨਾਲ ਸੌਂ ਰਿਹਾ ਸੀ ਅਤੇ ਅਹਿਲਿਆ ਬਾਈ ਆਪਣੇ ਮੋਬਾਈਲ ਉੱਤੇ ਕਿਸੇ ਨਾਲ ਗੱਲ ਕਰ ਰਹੀ ਸੀ। ''ਓ, ਨਹੀਂ ਮੈਂ ਬੜੇ ਆਰਾਮ ਨਾਲ ਹਾਂ। ਜਿਵੇਂ ਆਪਣੇ ਬੱਚਿਆਂ ਦਾ ਧਿਆਨ ਰੱਖਿਆ, ਇਸ ਬੱਚੇ ਦਾ ਵੀ ਧਿਆਨ ਰੱਖਣਾ ਵੀ ਕੋਈ ਕੰਮ ਹੈ ਭਲਾ। ਸਾਫ ਸੁਥਰਾ ਘਰ ਹੈ, ਬੱਚੇ ਕਾ ਆਪਣਾ ਕਮਰਾ ਹੈ। ਤਨਖਾਹ ਪਹਿਲੀ ਤਰੀਕ ਨੂੰ ਮਿਲ ਜਾਂਦੀ ਅਤੇ ਖਰਚ ਕੁਝ ਵੀ ਨਹੀਂ ਹੁੰਦਾ। ਸਾਰਾ ਕੰਮ ਤਾਂ 'ਪਰਕ' ਨਾਲ ਹੀ ਹੋ ਜਾਂਦਾ ਹੈ। ਸਭ ਰਾਮ ਜੀ ਦੀ ਕਿਰਪਾ ਹੈ।''

ਮੈਂ ਹੌਲੀ ਨਾਲ ਕਦਮ ਪਿੱਛੇ ਹਟਾ ਲਏ। ਦਿਲ ਕਰ ਰਿਹਾ ਸੀ ਕਿ ਫੌਰਨ ਅਨਿਮੇਸ਼ ਨੂੰ ਲਗਾਵਾਂ ਅਤੇ ਉਸ ਦੇ ਹਾਲ ਚਾਲ ਵੀ ਪੁੱਛ ਲਵਾਂ ਅਤੇ ਉਸ ਨੂੰ ਕਹਾਂ ਕਿ ਕੁਝ ਸਮਾਂ ਅਹਿਲਿਆ ਬਾਈ ਦੇ ਨਾਲ ਗੁਜ਼ਾਰਿਆ ਕਰੇ। ਇਸ ਨਾਲ ਸ਼ਾਇਦ ਉਸ ਦੇ ਜੀਵਨ ਦੀਆਂ ਵੀ ਕੁਝ ਗੱਲਾਂ ਪਰਸਪੈਕਟਿਵ ਵਿੱਚ ਆ ਜਾਣ। ਤਦ ਉਸ ਉੱਤੇ ਵੀ ਰਾਮ ਜੀ ਸੰਤੋਸ਼ ਧਨ ਦੀ ਕਿਰਪਾ ਕਰ ਦੇਣ, ਸ਼ਾਇਦ।

# ਸੰਗਰੂਰ ਤੋਂ ਨਵੀਂ ਸਰਕਾਰ ਦਾ ਟੈੱਸਟ ਨਹੀਂ, ਟੈੱਸਟਾਂ ਦੀ ਲੜੀ ਆਰੰਭ ਹੋਣ ਵਾਲੀ ਹੈ





ਜਤਿੰਦਰ ਪੰਨੂ

ਇੱਕ ਪੁਰਾਣੀ ਕਹਾਣੀ ਸਾਡੇ ਵਿੱਚੋਂ ਬਹੁਤ ਸਾਰਿਆਂ ਨੇ ਸੁਣੀ ਹੋਈ ਹੈ ਕਿ ਇੱਕਕਲਾਕਾਰ ਨੇ ਤਸਵੀਰ ਬਣਾ ਕੇ ਚੌਕ ਵਿੱਚ ਰੱਖ ਦਿੱਤੀ ਅਤੇ ਨਾਲ ਇੱਕ ਪੈੱਨ ਰੱਖ ਕੇ ਕੋਲ ਤਖਤੀ ਗੱਡ ਦਿੱਤੀ ਕਿ ਇਸ ਵਿੱਚ ਜਿੱਥੇ ਕੋਈ ਨੁਕਸ ਦੇਖਦੇ ਹੋ, ਉਸ ਥਾਂ ਨਿਸ਼ਾਨੀ ਲਾ ਦਿਉ। ਅਗਲੇ ਦਿਨ ਤੱਕ ਉਹ ਸਾਰੀ ਤਸਵੀਰ ਲੋਕਾਂ ਨੇ ਨਿਸ਼ਾਨੀਆਂ ਲਾ-ਲਾ ਕੇ ਭਰ ਦਿੱਤੀ ਤੇ ਇੰਜ ਜਾਪਦਾ ਸੀ ਕਿ ਲੋਕਾਂ ਦੀ ਸਮਝ ਵਿੱਚ ਉਸ ਕਲਾਕਾਰ ਨੂੰ ਤਸਵੀਰ ਬਣਾਉਣੀ ਹੀ ਨਹੀਂ ਆਉਂਦੀ।ਉਸ ਕਲਾਕਾਰ ਨੇ ਅਗਲੇ ਦਿਨ ਓਸੇ ਤਸਵੀਰ ਦੇ ਨਾਲ ਦੀ ਤਸਵੀਰ ਓਸੇ ਥਾਂ ਰੱਖ ਕੇ ਨਾਲ ਪੈੱਨ ਦੀ ਬਜਾਏ ਬੁਰਸ਼ ਅਤੇ ਹੋਰ ਸਾਮਾਨ ਰੱਖਿਆ ਅਤੇ ਤਖਤੀ ਲਾ ਦਿੱਤੀ ਕਿ ਜਿੱਥੇ ਕੋਈ ਨੁਕਸ ਦਿੱਸਦਾ ਹੈ, ਠੀਕ ਕਰਨ ਦੀ ਕ੍ਰਿਪਾ ਕਰੋ। ਅਗਲੇ ਦਿਨ ਤੱਕ ਲੋਕ ਆਈ ਗਏ, ਵੇਖ ਕੇ ਅੱਗੇ ਲੰਘਦੇ ਗਏ, ਕਿਸੇ ਨੇ ਵੀ ਠੀਕ ਕਰਨ ਦੀ ਹਿੰਮਤ ਨਹੀਂ ਸੀ ਵਿਖਾਈ, ਕਿਉਂਕਿ ਤਸਵੀਰ ਦੇ ਨੁਕਸ ਕੱਢਣਾ ਹੀ ਸੌਖਾ ਸੀ, ਉਸ ਦੇ ਨੁਕਸ ਦੂਰ ਕਰਨਾ ਨੁਕਸ ਦੱਸਣ ਵਰਗਾ ਸੌਖਾਲਾ ਕੰਮ ਨਹੀਂ ਸੀ।

ਭਾਰਤ ਅਤੇ ਇਸ ਵਿੱਚ ਸਾਡੇ ਪੰਜਾਬ ਦੇ ਰਾਜ ਪ੍ਰਬੰਧ ਵਿਚਲੇ ਨੁਕਸ ਦੱਸਣਾ ਵੀ ਸੌਖਾ ਹੋ ਸਕਦਾ ਹੈ ਅਤੇ ਸਾਡੇ ਵਿੱਚੋਂ ਹਰ ਕੋਈ ਪੰਜ ਨੁਕਸ ਪੁੱਛੇ ਜਾਣ ਉੱਤੇ ਪੈਂਤੀ ਗਿਣਾ ਸਕਦਾ ਹੋਵੇਗਾ, ਇਨ੍ਹਾਂ ਨੁਕਸਾਂ ਨੂੰ ਠੀਕ ਕਰਨਾ ਔਖਾ ਹੈ ਤੇ ਠੀਕ ਕਰਨ ਦੇ ਨਾਂਅ ਉੱਤੇ ਕੁਝ ਕਰ ਕੇ ਵਿਖਾਉਣਾ ਹੋਰ ਔਖਾ ਹੈ। ਸਿਰਫ ਔਖਾ ਕਹਿਣ ਦੀ ਥਾਂ ਬਹੁਤ ਸਾਰੇ ਸੱਜਣਾਂ ਨੂੰ ਇਹ ਕਹਿਣ ਵਿੱਚ ਝਿਜਕ ਨਹੀਂ ਹੋਵੇਗੀ ਕਿ ਇਹ ਕੰਮ ਤਾਂ ਹੋਣ ਵਾਲਾ ਹੀ ਨਹੀਂ। ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿੱਚ ਜਿਹੜੇ ਲੋਕ ਸ਼ਾਮਲ ਹੋਏ ਸਨ, ਉਹ ਕਿਹਾ ਕਰਦੇ ਸਨ ਕਿ ਲੀਡਰ ਦੀ ਨੀਤ ਠੀਕ ਚਾਹੀਦੀ ਹੈ, ਸਮਾਜ ਨੂੰ ਠੀਕ ਕਰਨਾ ਔਖਾ ਨਹੀਂ। ਉਹ ਇਹ ਸੋਚਦੇ ਸਨ ਕਿ ਆਗੂ ਦਾ ਠੀਕ ਹੋਣਾ ਹੀ ਸਾਰਾ ਕੁਝ ਠੀਕ ਕਰ ਦੇਵੇਗਾ, ਪਰ ਅਸੀਂ ਉਸ ਵੇਲੇ ਵੀ ਕਹਿੰਦੇ ਸਾਂ ਕਿ ਜਿਹੜੇ ਸਮਾਜ ਵਿੱਚ ਭ੍ਰਿਸ਼ਟਾਚਾਰ ਘਰ-ਘਰ ਅਤੇ ਨਸ-ਨਸ ਵਿੱਚ ਵੜਿਆ ਪਿਆ ਹੋਵੇ, ਉਸ ਦੇਸ਼ ਵਿੱਚ ਇਹ ਏਨਾ ਸੌਖਾ ਕੰਮ ਨਹੀਂ ਮੰਨਿਆ ਜਾ ਸਕਦਾ। ਇਹ ਗੱਲ ਅਸੀਂ ਅੱਜ ਵੀ ਕਹਿ ਸਕਦੇ ਹਾਂ।

ਸਾਡੇ ਵਿੱਚੋਂ ਬਹੁਤ ਸਾਰਿਆਂ ਦੀ ਇਹ ਆਮ ਧਾਰਨਾ ਹੈ ਕਿ ਆਗੂ ਤੇ ਅਫਸਰ ਗਲਤ ਹੋ ਸਕਦੇ ਹਨ, ਸਮਾਜ ਦੀ ਨੀਂਹ ਮੰਨੇ ਜਾਂਦੇ ਆਮ ਲੋਕ ਗਲਤ ਨਹੀਂ ਹੁੰਦੇ। ਪਿਛਲੇ ਸਮੇਂ ਵਿੱਚ ਸਾਡੇ ਅੱਖਾਂ ਅੱਗੇ ਇਹ ਕੁਝ ਵੀ ਹੋਇਆ ਕਿ ਭ੍ਰਿਸ਼ਟ ਲੀਡਰਾਂ ਨੇ ਆਮ ਲੋਕਾਂ ਨੂੰ ਗਲਤ ਲੀਹੇ ਪਾ ਕੇ ਪੰਜੀ-ਦੂੱਕੀ ਦੇ ਭ੍ਰਿਸ਼ਟਾਚਾਰ ਵਿੱਚ ਏਦਾਂ ਫਸਾ ਦਿੱਤਾ ਕਿ ਗਲਤ ਕੰਮਾਂ ਦੇ ਖਿਲਾਫ ਬੋਲਣ ਅਤੇ ਕੁਝ ਕਰਨ ਵਾਲਾ ਹਰ ਵਿਅਕਤੀ ਜਾਂ ਤਾਂ ਚੋਣਵੀਆਂ ਮੱਛੀਆਂ ਫੜੇ, ਜਾਂ ਫਿਰ ਸਮਾਜ ਦੇ ਆਮ ਲੋਕਾਂ ਨਾਲ ਆਢਾ ਲਾਉਣ ਲੱਗਾ ਰਹੇਗਾ। ਇਹ ਗੱਲ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਪਹਿਲੀ ਵਾਰ ਪੰਜਾਬ ਦੀ ਵਾਗ ਫੜਨ ਵੇਲੇ ਵੀ ਕਹੀ ਸੀ। ਕਾਰਨ ਇਹ ਸੀ ਕਿ ਉਸ ਨੇ ਆਉਂਦੇ ਸਾਰ ਪਿਛਲੀ ਬਾਦਲ ਸਰਕਾਰ ਦੇ ਵੇਲੇ ਸਮਾਜ-ਭਲਾਈ ਸਕੀਮ ਵਾਲੀਆਂ ਬੁਢਾਪਾ, ਵਿਧਵਾ ਅਤੇ ਹੋਰ ਪੈਨਸ਼ਨਾਂ ਅਤੇ ਸ਼ਗਮ ਸਕੀਮ ਦੇ ਫੰਡਾਂ ਦੀ ਵਰਤੋਂ ਦੀ ਜਾਂਚ ਸ਼ੁਰੂ ਕਰਵਾ ਦਿੱਤੀ ਸੀ। ਪਹਿਲੇ ਝਟਕੇ ਵਿੱਚ ਹੀ ਇਹ ਗੱਲ ਬਾਹਰ ਆ ਗਈ ਕਿ ਪੰਜਾਬ ਵਿੱਚ ਵੀਹ ਹਜ਼ਾਰ ਤੋਂ ਵੱਧ ਲੋਕਾਂ ਨੂੰ ਇਹ ਪੈਨਸ਼ਨਾਂ ਗਲਤ ਮਿਲੀ ਜਾ ਰਹੀਆਂ ਸਨ। ਜਵਾਨ ਮੁੰਡਿਆਂ ਨੇ ਬੁਢਾਪਾ ਪੈਨਸ਼ਨ ਲਈ ਵੱਡੀ ਉਮਰ ਦੇ ਸਰਟੀਫਿਕੇਟ ਡਾਕਟਰਾਂ ਤੋਂ ਬਣਵਾਏ ਸਨ ਤਾਂ ਜਾਂਚ ਵਿੱਚ ਉਹ ਸਾਰੇ ਡਾਕਟਰ ਤੇ ਪਿੰਡ ਦੇ ਲੰਬੜਦਾਰ ਸਮੇਤ ਕਈ ਲੋਕ ਫਸਣੇ ਸਨ। ਕੁਆਰੀਆਂ ਕੁੜੀਆਂ ਦੀ ਵਿਧਵਾ ਪੈਨਸ਼ਨ ਦੇ ਕੇਸਾਂ ਵਿੱਚ ਵੀ ਇਹੋ ਕੁਝ ਹੋਇਆ ਸੀ ਅਤੇ ਸ਼ਗਨ ਸਕੀਮ ਦੇ ਚੈੱਕਾਂ ਵਿੱਚ ਹੋਰ ਵੀ ਕਮਾਲ ਹੋ ਗਈ ਸੀ। ਫਰੀਦਕੋਟ ਵਿੱਚ ਇੱਕ ਅਕਾਲੀ ਕੌਂਸਲਰ ਨੇ ਆਪਣੀ ਮਾਂ ਨੂੰ ਉਨ੍ਹਾਂ ਦੋ ਧੀਆਂ ਦੇ ਵਿਆਹ ਦੇ ਚੈੱਕ ਦਿਵਾ ਲਏ ਸਨ, ਜਿਹੜੀਆਂ ਕਦੀ ਜੰਮੀਆਂ ਹੀ ਨਹੀਂ ਸਨ ਤੇ ਜਦੋਂ ਇਸ ਦੀ ਜਾਂਚ ਹੋਈ ਤਾਂ ਉਨ੍ਹਾਂ ਦੇ ਅਣਹੋਏ ਵਿਆਹਾਂ ਦੀ ਤਸਦੀਕ ਉਸ ਨੇ ਦੂਸਰੇ ਕੌਂਸਲਰ ਤੋਂ ਕਰਵਾਈ ਨਿਕਲੀ ਸੀ। ਏਦਾਂ ਹਰ ਕੇਸ ਵਿੱਚ ਇੱਕ ਲਾਭ-ਪਾਤਰੀ ਦੇ ਨਾਲ ਤਸਦੀਕ ਕਰਨ ਵਾਲੇ ਦਸ-ਬਾਰਾਂ ਜਣੇ ਫਸ ਸਕਦੇ ਸਨ ਅਤੇ ਇੱਕ ਜਣਾ ਛੱਡ ਦਿੱਤਾ ਤਾਂ ਬਾਕੀ ਇਸ ਦੀ ਦੁਹਾਈ ਪਾਉਂਦੇ ਸਨ। ਪੰਜਾਬ ਭਰ ਵਿੱਚੋਂ ਅੱਧੇ ਲੱਖ ਦੇ ਕਰੀਬ ਨਾਜਾਇਜ਼ ਲਾਭ ਹਾਸਲ ਕਰਨ ਵਾਲੇ ਅਤੇ ਉਨ੍ਹਾਂ ਨਾਲ ਤਸਦੀਕ ਕਰਨ ਵਾਲੇ ਲੋਕ ਫੜੇ ਜਾਂਦੇ ਤਾਂ ਲੱਖ ਤੋਂ ਵੱਧ ਲੋਕਾਂ ਨੂੰ ਜੇਲ੍ਹਾਂ ਵਿੱਚ ਰੱਖਣਾ ਤੇ ਫਿਰ ਉਨ੍ਹਾਂ ਦੇ ਕੇਸ ਦਾ ਅੰਤਲਾ ਫੈਸਲਾ ਹੋਣ ਤੱਕ ਮੁਫਤ ਦੀਆਂ ਰੋਟੀਆਂ ਦੇਣਾ ਕਿਸੇ ਸਰਕਾਰ ਦੇ ਵੱਸ ਦਾ ਨਹੀਂ ਸੀ। ਇਸ ਦੇ ਨਾਲ ਪਿੰਡ-ਪਿੰਡ ਨਵੀਂ ਸਰਕਾਰ ਦੇ ਖਿਲਾਫ ਇੱਕ ਮੁਹਿੰਮਬਾਜ਼ਾਂ ਦੀ ਨਵੀਂ ਧਿਰ ਵੀ ਖੜੀ ਹੋ ਜਾਣੀ ਸੀ, ਜਿਸ ਤੋਂ ਬਚਣ ਲਈ ਕਾਂਗਰਸੀਆਂ ਨੇ ਫਾਰਮੂਲਾ ਲੱਭ ਲਿਆ ਕਿ ਕਿਸੇ ਨੂੰ ਫੜਨ ਦੀ ਲੋੜ ਨਹੀਂ, ਜਿਹੜਾ ਕਮਾਈ ਦਾ ਰਾਹ ਅਕਾਲੀਆਂ ਨੇ ਵਰਤਿਆ ਹੋਇਆ ਸੀ, ਉਹੀ ਰਾਹ ਕਾਂਗਰਸ ਦੇ ਉੱਪਰੋਂ ਲੈ ਕੇ ਹੇਠਾਂ ਪਿੰਡ ਪੱਧਰ ਤੱਕ ਦੇ ਆਗੂ ਵੀ ਵਰਤਣ ਲੱਗ ਪਏ।

ਅਗਲੇ ਵੀਹ ਸਾਲ ਇਨ੍ਹਾਂ ਦੋਵਾਂ ਰਾਜਸੀ ਪਾਰਟੀਆਂ ਦੇ ਆਗੂਆਂ ਨੇ ਹਰ ਪਾਸੇ ਆਮ ਲੋਕਾਂ ਨੂੰ ਪੰਜੀ-ਦੁੱਕੀ ਵਾਲਾ ਦਾਅ ਲਾਉਣ ਦਾ ਇਹੋ ਜਿਹਾ ਚਸਕਾ ਲਾਇਆ ਕਿ 'ਚੋਰੀ ਲੱਖ ਦੀ ਵੀ ਤੇ ਕੱਖ ਦੀ ਵੀ' ਦੇ ਅਖਾਣ ਵਾਂਗ ਅਕਾਲੀ ਅਤੇ ਕਾਂਗਰਸੀ ਵਰਕਰ ਆਮ ਲੋਕਾਂ ਨੂੰ ਉਨ੍ਹਾਂ ਦੀ ਕਮੀ ਦਿਖਾ ਕੇ ਮਗਰ ਲਾ ਤੁਰਦੇ ਹਨ। ਨਹਿਰ ਦੇ ਪਾਣੀ ਦੀ ਚੋਰੀ ਦਾ ਕਿਸੇ ਸਾਧਾਰਨ ਕਿਸਾਨ ਦਾ ਕਦੇ-ਕਦਾਈਂ ਦਾ ਮਾਮਲਾ ਚਰਚਾ ਵਿੱਚ ਆ ਜਾਂਦਾ ਹੈ ਅਤੇ ਪਹਿਲਾਂ ਕਾਂਗਰਸੀ ਮੰਤਰੀ ਅਤੇ ਫਿਰ ਅਕਾਲੀ ਦਲ ਦੀ ਸਰਕਾਰ ਵੇਲੇ ਚੇਅਰਮੈਨ ਰਹਿ ਚੁੱਕੇ ਲੀਡਰ ਦਾ ਪਰਵਾਰ ਨਹਿਰ ਵਿੱਚ ਪੱਕੇ ਮੋਘੇ ਜੜ ਕੇ ਸਾਰਾ ਪਾਣੀ ਖਿੱਚੀ ਜਾਂਦਾ ਹੋਵੇ, ਟੇਲ ਉੱਤੇ ਕਦੇ ਪਾਣੀ ਨਾ ਪਹੁੰਚਣ ਦੇਵੇ, ਅਣਗੌਲਿਆ ਰਹਿ ਜਾਂਦਾ ਸੀ। ਨਵੀਂ ਸਰਕਾਰ ਆਪਣੇ ਤੌਰ ਉੱਤੇ ਮੁੱਢ ਵਿੱਚ ਕੁਝ ਕਦਮ ਚੁੱਕਣ ਲੱਗੀ ਹੈ, ਇਸ ਦੇ ਹੇਠਲੇ ਅਫਸਰਾਂ ਨੇ ਪਾਣੀ ਦੀ ਚੋਰੀ, ਘਰਾਂ ਦੇ ਬਿਜਲੀ ਮੀਟਰ ਆਦਿ ਦੇ ਮਾਮਲਿਆਂ ਵਿੱਚ ਆਮ ਲੋਕਾਂ ਉੱਤੇ ਕੌੜੀ ਅੱਖ ਦੀ ਝਲਕ ਦੇਣੀ ਸ਼ੁਰੂ ਕਰ ਦਿੱਤੀ, ਪਰ ਜਿਹੜੇ ਵੱਡੇ ਲੀਡਰਾਂ ਵੱਲ ਲੱਖਾਂ ਰੁਪਏ ਦੇ ਬਕਾਏ ਹਨ, ਕਰੋੜਾਂ ਦੀ ਚੋਰੀ ਕਰੀ ਜਾਂਦੇ ਹਨ, ਹੇਠਲੇ ਅਧਿਕਾਰੀ ਉਨ੍ਹਾਂ ਵੱਲ ਇਸ ਲਈ ਝਾਕਦੇ ਤੱਕ ਨਹੀਂ ਕਿ ਕੱਲ੍ਹ ਤੱਕ ਉਨ੍ਹਾਂ ਨਾਲ ਮਿਲ ਕੇ ਖਾਂਦੇ ਰਹੇ ਸਨ ਅਤੇ ਭਵਿੱਖਵਿੱਚ ਵੀ ਉਨ੍ਹਾਂ ਦੀ ਇਸ ਰਿਸ਼ਤੇਦਾਰੀ ਲਈ ਝਾਕ ਹਾਲੇ ਮੁੱਕੀ ਨਹੀਂ। ਉਹ ਸਰਕਾਰ ਦੀਆਂ ਹਦਾਇਤਾਂ ਨੂੰ ਟਿੱਚ ਜਾਣਦੇ ਅਤੇ ਰਾਤ-ਦਿਨ ਉਨ੍ਹਾਂ ਨਾਲ ਲਗਾਤਾਰ ਸਾਂਝ ਰੱਖੀ ਜਾ ਰਹੇ ਹਨ, ਜਿਨ੍ਹਾਂ ਨਾਲ ਸਾਲਾਂ-ਬੱਧੀ ਖਾਣ-ਪੀਣ ਅਤੇ ਕਮਾਉਣ ਦਾ ਗੱਠਜੋੜ ਬਣਿਆ ਹੋਇਆ ਹੈ।

ਪੰਜਾਬ ਦੀ ਨਵੀਂ ਸਰਕਾਰ ਦੇ ਮੁੱਖ ਮੰਤਰੀ ਨੇ ਆਪਣੇ ਇੱਕ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਦਾ ਇਕਬਾਲ ਕਰ ਲੈਣ ਦੇ ਬਾਅਦ ਮੰਤਰੀਪੁਣੇ ਤੋਂ ਕੱਢਿਆ ਅਤੇ ਪੁਲਸ ਦੇ ਹਵਾਲੇ ਕੀਤਾ ਹੈ, ਪਰ ਇਸ ਦੀ ਪਹਿਲੇ ਦਿਨ ਜਿਹੜੇ ਲੋਕਾਂ ਨੇ ਸ਼ਲਾਘਾ ਕਰਨ ਦੀ ਹਿੰਮਤ ਵਿਖਾਈ, ਉਸ ਤੋਂ ਅਗਲੇ ਦਿਨ ਇਸ ਉੱਤੇ ਕਿੰਤੂ ਕਰਨ ਲੱਗੇ ਸਨ। ਉਹ ਇਹ ਕਹਿਣ ਲੱਗੇ ਹਨ ਕਿ ਇਹ ਸੰਗਰੂਰ ਦੀ ਸੀਟ ਜਿੱਤਣ ਲਈ ਰਚਿਆ ਡਰਾਮਾ ਹੈ, ਪਰ ਏਦਾਂ ਦਾ ਡਰਾਮਾ ਆਪਣੀ ਸਰਕਾਰ ਹੁੰਦਿਆਂ ਤੋਂ ਕਾਂਗਰਸੀ ਜਾਂ ਅਕਾਲੀ ਕਿਉਂ ਨਹੀਂ ਕਰ ਸਕੇ, ਇਸ ਬਾਰੇ ਉਹ ਕਦੇ ਨਹੀਂ ਬੋਲਦੇ। ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਵੇਲੇ ਭ੍ਰਿਸ਼ਟਾਚਾਰ ਵਿਰੁੱਧ ਵੱਡਾ ਮਾਅਰਕਾ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵਿੰਦਰਪਾਲ ਸਿੰਘ ਸਿੱਧੂ ਉਰਫ ਰਵੀ ਸਿੱਧੂ ਦੀ ਗ੍ਰਿਫਤਾਰੀ ਵਾਲਾ ਮਾਰਿਆ ਤੇ ਹਰ ਪਾਸੇ ਭੱਲ ਬਣਾ ਲਈ ਸੀ, ਪਰ ਇਸ ਦੀ ਭੱਲ ਦੋ ਮਹੀਨੇ ਵੀ ਕਾਇਮ ਨਾ ਰਹਿ ਸਕੀ। ਜਦੋਂ ਰਵੀ ਸਿੱਧੂ ਵਾਲੇ ਬੈਂਕ ਲਾਕਰ ਖੋਲ੍ਹੇ ਤਾਂ ਉਨ੍ਹਾਂ ਵਿੱਚੋਂ ਨਿਕਲੇ ਨੋਟਾਂ ਨਾਲ ਬੈਂਕ ਬ੍ਰਾਂਚ ਦੇ ਫਰਸ਼ ਦਰੀ ਵਾਂਗ ਢੱਕੇ ਗਏ ਸਨ, ਪਰ ਅਗਲੇ ਦਿਨ ਪਤਾ ਲੱਗਾ ਕਿ ਸਾਰੇ ਪੈਸੇ ਸਰਕਾਰੀ ਖਜ਼ਾਨੇ ਵਿੱਚ ਪੁੱਜਣ ਦੀ ਥਾਂ ਅੱਧ-ਪਚੱਧੇ ਇਸ ਕੇਸ ਵਿੱਚ ਪਾਏ ਗਏ ਅਤੇ ਬਾਕੀਆਂ ਲਈ ਬਾਂਦਰ-ਵੰਡ ਦੇ ਕਾਰਨ ਝਗੜਾ ਪੈ ਗਿਆ ਸੀ।

ਇਸ ਵਕਤ ਆਮ ਲੋਕਾਂ ਵਿੱਚ ਨਵੀਂ ਬਣੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਾਰੇ ਪਹਿਲਾ ਪ੍ਰਭਾਵ ਕੁਝ ਚੰਗਾ ਜਾਪਦਾ ਹੈ, ਪਰ ਇਹ ਪ੍ਰਭਾਵ ਕਦੇ ਵੀ ਸਥਾਈ ਨਹੀਂ ਹੁੰਦਾ। ਜੇ ਇਹ ਪ੍ਰਭਾਵ ਕਾਇਮ ਰੱਖਣਾ ਹੈ ਤਾਂ ਅਗਲੇ ਦਿਨਾਂ ਵਿੱਚ ਮੰਤਰੀ ਅਹੁਦੇ ਤੋਂ ਹਟਾਏ ਗਏ ਵਿਜੇ ਸਿੰਗਲਾ ਵਾਂਗ ਕੁਝ ਹੋਰ ਬੱਦੂ ਬੰਦੇ ਪਕੜਨੇ ਅਤੇ ਲੋਕਾਂ ਨੂੰ ਦੱਸਣਾ ਹੋਵੇਗਾ ਕਿ ਚੁਣ ਕੇ ਇੱਕੋ ਸ਼ਿਕਾਰ ਨਹੀਂ ਫੁੰਡਿਆ, ਭ੍ਰਿਸ਼ਟਾਚਾਰ ਨੂੰ ਹੂੰਝਣ ਦਾ ਆਗਾਜ਼ ਹੀ ਕੀਤਾ ਹੈ। ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਬਾਰੇ ਤੇ ਮੰਤਰੀਆਂ ਵਿੱਚੋਂ ਕੁਝ ਦੇ ਪਰਵਾਰਾਂ ਦੇ ਮੈਂਬਰਾਂ ਬਾਰੇ ਗੱਲਾਂ ਸੁਣਨ ਲੱਗ ਪਈਆਂ ਹਨ ਤਾਂ ਉਨ੍ਹਾਂ ਬਾਰੇ ਕੁਝ ਕਰ ਕੇ ਵਿਖਾਉਣਾ ਪਵੇਗਾ, ਨਹੀਂ ਤਾਂ ਇਹ ਪ੍ਰਭਾਵ ਕੱਚੇ ਰੰਗ ਵਾਂਗ ਲੱਥ ਜਾਵੇਗਾ। ਸੰਗਰੂਰ ਹਲਕੇ ਦੀ ਉੱਪ ਚੋਣ ਹੋਣ ਵਾਲੀ ਹੈ, ਪਰ ਇਹ ਪੰਜਾਬ ਦੀ ਸਰਕਾਰ ਦਾ ਇੱਕੋ-ਇੱਕ ਟੈੱਸਟ ਨਹੀਂ, ਟੈੱਸਟਾਂ ਦੀ ਲੜੀ ਦਾ ਮੁੱਢ ਮੰਨ ਕੇ ਚੱਲਣਾ ਪਵੇਗਾ, ਲੋਕ ਪੈਰ-ਪੈਰ ਉੱਤੇ ਸਰਕਾਰ ਦੇ ਵਿਹਾਰ ਨੂੰ ਪਰਖਣਗੇ। ਅਗਲੀਆਂ ਲੋਕ ਸਭਾਂ ਚੋਣਾ ਹੋਣ ਨੂੰ ਦੋ ਸਾਲ ਤੋਂ ਘੱਟ ਸਮਾਂ ਬਾਕੀ ਰਹਿ ਗਿਆ ਹੈ, ਅਸਲੀ ਟੈੱਸਟ ਉਸ ਵੇਲੇ ਹੋਵੇਗਾ। ਸਰਕਾਰ ਬਣਾਉਣ ਤੋਂ ਮਸਾਂ ਦੋ ਸਾਲ ਪਿੱਛੋਂ ਅਕਾਲੀ-ਭਾਜਪਾ ਸਰਕਾਰ ਵੀ ਪਾਰਲੀਮੈਂਟ ਚੋਣਾਂ ਵਿੱਚ ਹਾਰ ਗਈ ਸੀ ਤੇ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਚੱਲਦੀ ਕਾਂਗਰਸ ਪਾਰਟੀ ਨਾਲ ਵੀ ਦੋ ਸਾਲ ਦੀ ਸਰਕਾਰ ਚੱਲਣ ਪਿੱਛੋਂ ਇਹੋ ਵਾਪਰਿਆ ਸੀ। ਭਗਵੰਤ ਮਾਨ ਦੀ ਅਗਵਾਈ ਹੇਠ ਚੱਲਦੀ ਆਮ ਆਦਮੀ ਪਾਰਟੀ ਨੇ ਏਦਾਂ ਦਾ ਝਟਕਾ ਨਹੀਂ ਖਾਣਾ ਤਾਂ ਉਸ ਨੂੰ ਸੰਭਲ ਕੇ ਚੱਲਣਾ ਹੋਵੇਗਾ।

# ਕੇਂਦਰੀ ਸਿੱਖ ਅਜਾਇਬ ਘਰ ਅਤੇ ਬਲਬੀਰ ਸਿੰਘ ਦਾ ਚਿੱਤਰ

ਪ੍ਰਿੰਸੀਪਲ ਸਰਵਣ ਸਿੰਘ





ਓਲੰਪੀਅਨ ਬਲਬੀਰ ਸਿੰਘ ਦੇ ਅਕਾਲ ਚਲਾਣੇ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕੀਤਾ ਸੀ ਕਿ ਸੰਸਾਰ ਦੇ ਸਰਬੋਤਮ ਹਾਕੀ ਖਿਡਾਰੀ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਇਆ ਜਾਵੇਗਾ, ਪਰ ਇਸ ਖਿਡਾਰੀ ਦਾ ਚਿੱਤਰ ਅਜੇ ਵੀ ਨਹੀਂ ਲਾਇਆ ਗਿਆ। ਉਹਦੀ ਤਸਵੀਰ ਕੈਨੇਡਾ ਦੇ ਸਭ ਤੋਂ ਵੱਡੇ ਗੁਰਦੁਆਰੇ ਵਿੱਚ ਜ਼ਰੂਰ ਲੱਗੀ ਹੋਈ ਹੈ। ਉਸ ਨੂੰ ਓਲੰਪਿਕ ਖੇਡਾਂ ਵਿੱਚੋਂ ਤਿੰਨ ਗੋਲਡ ਮੈਡਲ ਜਿੱਤਣ ਕਰ ਕੇ 'ਗੋਲਡਨ ਹੈਟ ਟ੍ਰਿੱਕ' ਵਾਲਾ ਬਲਬੀਰ ਵੀ ਕਿਹਾ ਜਾਂਦਾ ਸੀ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿੱਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ ਵਿੱਚ ਭਾਰਤੀ ਟੀਮ ਨੇ ਨੌਂ ਗੋਲਾਂ ਵਿੱਚੋਂ ਅੱਠ ਗੋਲ ਉਹਦੀ ਸਟਿਕ ਨਾਲ ਹੋਏ ਸਨ। ਨੀਦਰਲੈਂਡ ਵਿਰੁੱਧ ਫਾਈਨਲ ਮੈਚ ਵਿੱਚ ਉਸ ਨੇ ਪੰਜ ਗੋਲ ਕੀਤੇ ਸਨ, ਜੋ ਓਲੰਪਿਕ ਖੇਡਾਂ ਦਾ ਸੱਤਰ ਸਾਲ ਪੁਰਾਣਾ ਰਿਕਰ-ਾਡ ਹੈ। ਓਲੰਪਿਕ ਖੇਡਾਂ ਦੇ ਗੋਲਡਨ ਹੈਟ ਟ੍ਰਿੱਕ ਤੋਂ ਬਿਨਾਂ ਉਸ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਸੰਸਾਰ ਹਾਕੀ ਕੱਪ ਜਿਤਾਇਆ, ਜੋ ਅੱਜ ਤੱਕ ਭਾਰਤ ਇੱਕੋ ਵਾਰ ਜਿੱਤ ਸਕਿਆ ਹੈ। ਉਸ ਨੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ ਤੇ ਹਾਕੀ ਦੀ ਕੋਚਿੰਗ ਬਾਰੇ 'ਦਿ ਗੋਲਡਨ ਯਾਰਡ ਸਟਿੱਕ' ਪੁਸਤਕ ਲਿਖੀ। 1962 ਵਿੱਚ ਭਾਰਤ ਚੀਨ-ਜੰਗ ਵਲੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਰਿਲੀਫ ਫੰਡ ਲਈ ਦਾਨ ਕੀਤੇ ਅਤੇ ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਦੇ ਸਪੁਰਦ ਕਰ ਦਿੱਤੀਆਂ, ਜੋ ਸਾਈ ਨੇ ਪਤਾ ਨਹੀਂ ਕਿੱਥੇ 'ਗੁਆ' ਛੱਡੀਆਂ।

1957 ਵਿੱਚ ਭਾਰਤੀ ਖਿਡਾਰੀਆਂ ਵਿੱਚੋਂ ਸਭ ਤੋਂ ਪਹਿਲਾਂ ਬਲਬੀਰ ਸਿੰਘ ਨੂੰ ਪਦਮਸ੍ਰੀ ਦੀ ਉਪਾਧੀ ਦਿੱਤੀ ਗਈ ਸੀ। ਕੈਸੀ ਵਿਡੰਬਨਾ ਹੈ ਕਿ ਓਦੋਂ ਮਗਰੋਂ ਜੰਮੇ ਤੇ ਉਸ ਤੋਂ ਘੱਟ ਖੇਡ ਪ੍ਰਾਪਤੀਆਂ ਵਾਲੇ ਕੁਝ ਖਿਡਾਰੀਆਂ ਨੂੰ ਪਦਮ ਭੂਸ਼ਣ ਤੇ ਭਾਰਤ ਰਤਨ ਤੱਕ ਨਾਲ ਨਿਵਾਜਿਆ ਗਿਆ, ਪਰ ਬਲਬੀਰ ਸਿੰਘ ਨੂੰ ਪਦਮਸ੍ਰੀ ਤੱਕ ਸੀਮਿਤ ਰੱਖਿਆ ਗਿਆ। ਲੰਡਨ ਓਲੰਪਿਕ 2012 ਮੌਕੇ ਓਲੰਪਿਕ ਖੇਡਾਂ ਦੇ ਸਫਰ ਵਿੱਚੋਂ ਜਿਹੜੇ 16 'ਆਇਕੌਨਿਕ ਓਲੰਪੀਅਨ' ਚੁਣੇ ਗਏ, ਬਲਬੀਰ ਸਿੰਘ ਉਨ੍ਹਾਂ ਵਿੱਚੋਂ ਇੱਕ ਸੀ। ਭਾਰਤ, ਏਸ਼ੀਆ ਅਤੇ ਸੰਸਾਰ ਦਾ ਸਿਰਫ ਉਹੀ ਇੱਕੋ-ਇੱਕ ਹਾਕੀ ਖਿਡਾਰੀ ਸੀ, ਜਿਸ ਨੂੰ ਇਹ ਮਾਣ ਮਿਲਿਆ। ਬਲਬੀਰ ਸਿੰਘ ਦਾ ਜਨਮ ਉਸ ਦੇ ਨਾਨਕੇ ਪਿੰਡ ਹਰੀਪੁਰਾ ਖਾਲਸਾ ਵਿੱਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਸੀ। ਦੋਵੇਂ ਪਿੰਡ ਤਹਿਸੀਲ ਫਿਲੌਰ ਵਿੱਚ ਹਨ। ਉਸ ਦੇ ਤਿੰਨੇ ਪੁੱਤਰ ਅੱਜਕੱਲ੍ਹ ਕੈਨੇਡੀਅਨ ਬਣ ਚੁੱਕੇ ਹਨ। ਉਹਦੇ ਜਵਾਈ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ ਦੀ 2012 ਵਿੱਚ ਮੌਤ ਹੋ ਗਈ ਸੀ। ਧੀ ਸੁਸ਼ਬੀਰ ਕੌਰ ਅਤੇ ਦੋਹਤਾ ਕਬੀਰ ਸਿੰਘ ਭੋਮੀਆ ਚੰਡੀਗੜ੍ਹ ਰਹਿੰਦੇ ਹਨ। ਜੀਵਨ ਦੇ ਆਖਰੀ ਸਾਹਾਂ ਤੱਕ ਬਲਬੀਰ ਸਿੰਘ ਕਹਿੰਦਾ ਰਿਹਾ ਸੀ, "ਹਾਕੀ ਮੇਰਾ ਇਸ਼ਕ ਹੈ। ਮੇਰੇ ਉੱਤੇ ਵਾਹਿਗੁਰੂ ਦੀ ਕਿਰਪਾ ਹੈ, ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇੱਜ਼ਤ ਕਰਨੀ ਸਿਖਾਈ। ਮੈਨੂੰ ਅਨੁਸ਼ਾਸਨ ਸਿਖਾਇਆ, ਹਾਰ ਸਹਿਣੀ ਅਤੇ ਜਿੱਤਣੀ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ, ਆਪਣੇ ਮਾਪਿਆਂ, ਅਧਿਆਪਕਾਂ, ਕੋਚ ਸਾਹਿਬਾਨ, ਟੀਮ ਸਾਥੀਆਂ, ਦੋਸਤਾਂ-ਮਿੱਤਰਾਂ ਤੇ ਪਰਵਾਰ ਦੇ ਸਹਿਯੋਗ ਸਦਕਾ ਹਾਂ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਕੌਰ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹਨ। ਮੈਂ ਅਕਸਰ ਆਖਦਾਂ, ਮੇਰੀ ਇੱਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ, ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।"

ਬਲਬੀਰ ਸਿੰਘ ਨੇ ਪਹਿਲਾ ਸਾਹ 31 ਦਸੰਬਰ 1923 ਨੂੰ ਲਿਆ ਸੀ ਅਤੇ ਆਖਰੀ ਸਾਹ 25 ਮਈ 2020 ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਲਿਆ। 25 ਮਈ ਦੀ ਸ਼ਾਮ ਉਹਦੀ ਦੇਹ ਦਾ ਰਾਜਕੀ ਸਨਮਾਨ ਸਹਿਤ ਚੰਡੀਗੜ੍ਹ ਵਿੱਚ ਸਸਕਾਰ ਕਰ ਦਿੱਤਾ ਗਿਆ। ਉਹਦੀ ਇੱਛਾ ਅਨੁਸਾਰ ਉਹਦੀ ਹਾਕੀ ਵੀ ਚਿਤਾ ਵਿੱਚ ਨਾਲ ਸਸਕਾਰੀ ਗਈ। ਉਸ ਮੌਕੇ ਪੰਜਾਬ ਦੇ ਖੇਡ ਮੰਤਰੀ ਨੇ ਐਲਾਨ ਕੀਤਾ ਸੀ ਕਿ ਮੋਹਾਲੀ ਦੇ ਹਾਕੀ ਸਟੇਡੀਅਮ ਦਾ ਨਾਂਅ ਬਲਬੀਰ ਸਿੰਘ ਹਾਕੀ ਸਟੇਡੀਅਮ ਰੱਖਿਆ ਜਾਵੇਗਾ। ਇਹ ਵੀ ਕਿਹਾ ਸੀ, ਪੰਜਾਬ ਸਰਕਾਰ ਭਾਰਤ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰੇਗੀ ਕਿ ਉਹ ਆਇਕੌਨਿਕ ਓਲੰਪੀਅਨ ਬਲਬੀਰ ਸਿੰਘ ਨੂੰ ਭਾਰਤ ਰਤਨ ਪੁਰਸਕਾਰ ਨਾਲ ਨਿਵਾਜੇ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਸੀ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਇਆ ਜਾਵੇਗਾ। ਇੱਕੋ ਐਲਾਨ ਸਿਰੇ ਚੜ੍ਹਿਆ ਹੈ ਕਿ ਬਲਬੀਰ ਸਿੰਘ ਦੀ ਪਹਿਲੀ ਬਰਸੀ ਮੌਕੇ ਮੋਹਾਲੀ ਵਿੱਚ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਦਾ ਉਦਘਾਟਨ ਕਰ ਦਿੱਤਾ ਗਿਆ, ਪਰ ਉਸ ਦਾ ਚਿੱਤਰ ਅਜੇ ਅਜਾਇਬ ਘਰ ਵਿੱਚ ਸਸ਼ੋਭਿਤ ਨਹੀਂ ਹੋਇਆ ਤੇ ਨਾ ਭਾਰਤ ਰਤਨ ਦੀ ਗੱਲ ਅੱਗੇ ਤੁਰੀ ਹੈ।'ਗੋਲਡਨ ਹੈਟ ਟ੍ਰਿੱਕ' ਬਲਬੀਰ ਸਿੰਘ ਦੀ ਅੰਗਰੇਜ਼ੀ ਵਿੱਚ ਲਿਖੀ ਆਟੋਗਰਾਫੀ ਹੈ, ਜੋ 1977 ਵਿੱਚ ਛਪੀ। 'ਗੋਲਡਨ ਗੋਲ' ਮੇਰੇ ਵੱਲੋਂ ਪੰਜਾਬੀ ਵਿੱਚ ਲਿਖੀ ਉਹਦੀ ਜੀਵਨੀ ਹੈ, ਜੋ 2015 ਵਿੱਚ ਪ੍ਰਕਾਸ਼ਿਤ ਹੋਈ। ਉਹਦੀਆਂ ਅੰਤਲੀਆਂ ਸਤਰਾਂ ਹਨ: ਕੀ ਸਰਕਾਰ ਬਲਬੀਰ ਸਿੰਘ ਦੇ 'ਗੋਲਡਨ ਗੋਲ' ਦੀ ਉਡੀਕ ਵਿੱਚ ਹੈ? ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਨੂੰ ਜਿਊਂਦੇ ਜੀਅ ਭਾਰਤ ਰਤਨ ਦੇ ਦਿੱਤਾ ਗਿਆ। ਦੇਖਦੇ ਹਾਂ ਬਲਬੀਰ ਸਿੰਘ ਨੂੰ ਭਾਰਤ ਰਤਨ ਜਿਊਂਦੇ ਜੀਅ ਮਿਲਦਾ ਹੈ ਜਾਂ ਜੀਵਨ ਉਪਰੰਤ?

# ਗਰੀਬੀ, ਭੁੱਖਮਰੀ ਅਤੇ ਰਾਜਨੀਤਿਕ ਅਸਥਿਰਤਾ ਨੂੰ ਵਧਾ ਰਹੀਆਂ ਭੋਜਨ ਦੀਆਂ ਉੱਚੀਆਂ ਕੀਮਤਾਂ



ਸੰਸਾਰ ਭਰ ਵਿੱਚ ਖੁਰਾਕੀ ਵਸਤਾਂ ਦੀਆਂ ਕੀਮਤਾਂ ਰਿਕਾਰਡ ਪੱਧਰ ਤੱਕ ਵਧ ਗਈਆਂ ਹਨ, ਜਿਸ ਨਾਲ ਗਰੀਬੀ, ਭੁੱਖਮਰੀ ਅਤੇ ਸਿਆਸੀ ਅਸਥਿਰਤਾ ਵਧ ਰਹੀ ਹੈ। ਹਾਲਾਂਕਿ ਸੰਕਟ ਦਾ ਕੋਈ ਜਲਦੀ ਹੱਲ ਨਹੀਂ ਹੈ, ਪਰ ਬਿਹਤਰ ਦੇਸ਼ਾਂ ਨੂੰ ਘੱਟੋ ਘੱਟ ਇਸ ਨੂੰ ਹੋਰ ਵਿਗੜਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਵਰਲਡ ਫੂਡ ਪ੍ਰੋਗਰਾਮ ਦੇ ਅਨੁਸਾਰ, ਦੁਨੀਆ ਭਰ ਵਿੱਚ ਲਗਭਗ 193 ਮਿਲੀਅਨ ਲੋਕ ਗੰਭੀਰ ਭੋਜਨ ਅਸੁਰੱਖਿਆ ਦਾ ਸ਼ਿਕਾਰ ਹਨ, ਅੰਸ਼ਕ ਤੌਰ 'ਤੇ ਗਲੋਬਲ ਫੂਡ ਬਜ਼ਾਰਾਂ 'ਤੇ ਦਬਾਅ ਦੇ ਕਾਰਨ ਜੋ ਪਿਛਲੇ ਕੁਝ ਸਮੇਂ ਤੋਂ ਬਣ ਰਹੇ ਹਨ। 2021 ਵਿੱਚ ਊਰਜਾ ਦੀਆਂ ਵਧਦੀਆਂ ਕੀਮਤਾਂ ਨੇ ਕਿਸਾਨਾਂ ਨੂੰ ਲੋੜੀਂਦੇ ਖਾਦਾਂ ਅਤੇ ਈਂਧਨ ਦੀ ਲਾਗਤ ਨੂੰ ਵਧਾ ਦਿੱਤਾ। ਬ੍ਰਾਜ਼ੀਲ, ਸੰਯੁਕਤ ਰਾਜ ਅਤੇ ਕੈਨੇਡਾ ਵਰਗੇ ਵੱਡੇ ਭੋਜਨ ਉਤਪਾਦਕ ਦੇਸ਼ਾਂ ਵਿੱਚ ਖੁਸ਼ਕ ਮੌਸਮ ਨੇ ਫਸਲਾਂ ਨੂੰ ਬਰਬਾਦ ਕਰ ਦਿੱਤਾ। ਮਹਾਂਮਾਰੀ ਦੇ ਕਾਰਨ ਸ਼ਿਪਿੰਗ ਦੇਰੀ ਨੇ ਵਪਾਰ ਵਿੱਚ ਵਿਘਨ ਪਾਇਆ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਨੇ ਸੰਕਟ ਨੂੰ ਹੋਰ ਵਧਾ ਦਿੱਤਾ ਹੈ। ਯੁੱਧ ਤੋਂ ਪਹਿਲਾਂ, ਦੋਵੇਂ ਦੇਸ਼ ਵਿਸ਼ਵ ਪੱਧਰ 'ਤੇ ਵਪਾਰਕ ਕਣਕ ਦਾ ਲਗਭਗ 30% ਹਿੱਸਾ ਲੈਂਦੇ ਸਨ। ਯੂਕਰੇਨ ਨੇ ਸੂਰਜਮੁਖੀ ਦੇ ਤੇਲ ਦਾ ਲਗਭਗ ਅੱਧਾ ਵਿਸ਼ਵ ਨਿਰਯਾਤ ਅਤੇ ਰੂਸ ਨੇ ਆਪਣੇ ਖਾਦ ਨਿਰਯਾਤ ਦਾ ਅੱਠਵਾਂ ਹਿੱਸਾ ਪ੍ਰਦਾਨ ਕੀਤਾ। ਰੂਸ 'ਤੇ ਪਾਬੰਦੀਆਂ ਨੇ ਊਰਜਾ ਦੀਆਂ ਕੀਮਤਾਂ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਖਾਦਾਂ ਹੋਰ ਵੀ ਮਹਿੰਗੀਆਂ ਹੋ ਗਈਆਂ ਹਨ। ਇੱਕ ਲੰਮੀ ਜੰਗ ਦੇ ਵਿਸ਼ਵਵਿਆਪੀ ਨਤੀਜੇ ਗੰਭੀਰ ਹੋ ਸਕਦੇ ਹਨ। ਉੱਚ ਇਨਪੁਟ ਲਾਗਤ ਬਹੁਤ ਸਾਰੇ ਛੋਟੇ ਕਿਸਾਨਾਂ ਨੂੰ ਹੋਰ ਬੀਜਣ ਤੋਂ ਰੋਕ ਸਕਦੀ ਹੈ, ਮੰਗ ਨੂੰ ਪੂਰਾ ਕਰਨ ਤੋਂ ਸਪਲਾਈ ਨੂੰ ਰੋਕ ਸਕਦੀ ਹੈ ਅਤੇ ਅਸਥਿਰਤਾ ਵਧ ਸਕਦੀ ਹੈ। ਡਾਲਰ ਦੀ ਮਜ਼ਬੂਤੀ ਦੇ ਨਾਲ, ਬਹੁਤ ਸਾਰੇ ਦੇਸ਼ ਭੋਜਨ ਅਤੇ ਬਾਲਣ ਦੇ ਮੁੱਖ ਆਯਾਤ ਲਈ ਭੁਗਤਾਨ ਕਰਨ ਲਈ ਸੰਘਰਸ਼ ਕਰਨਗੇ. ਕੀਮਤਾਂ ਵਿੱਚ ਵਾਧਾ ਅਤੇ ਕਮੀ ਬੇਚੈਨੀ ਨੂੰ ਭੜਕਾ ਸਕਦੀ ਹੈ, ਜਿਵੇਂ ਕਿ ਉਹਨਾਂ ਨੇ 2011 ਵਿੱਚ ਅਰਬ ਬਸੰਤ ਦੇ ਦੌਰਾਨ ਕੀਤਾ ਸੀ, ਜਦੋਂ ਕਿ ਲੱਖਾਂ ਲੋਕਾਂ ਨੂੰ ਅਤਿ ਗਰੀਬੀ ਵਿੱਚ ਧੱਕ ਦਿੱਤਾ ਸੀ। ਸਰਕਾਰਾਂ ਇਸ ਸਮੱਸਿਆ ਨੂੰ ਸੁਰੱਖਿਆਵਾਦ ਨਾਲ ਜੋੜ ਰਹੀਆਂ ਹਨ। ਯੂਕਰੇਨ ਦੇ ਹਮਲੇ ਤੋਂ ਬਾਅਦ, ਘੱਟੋ-ਘੱਟ 20 ਦੇਸ਼ਾਂ ਨੇ ਭੋਜਨ ਨਿਰਯਾਤ 'ਤੇ ਪਾਬੰਦੀਆਂ ਲਗਾਈਆਂ ਹਨ, ਜਿਸ ਵਿੱਚ ਵਿਸ਼ਵ ਪੱਧਰ 'ਤੇ ਵਪਾਰ ਕੀਤੇ ਜਾਣ ਵਾਲੇ ਲਗਭਗ 17% ਕੈਲੋਰੀਆਂ ਸ਼ਾਮਲ ਹਨ, ਜਿਸ ਵਿੱਚ ਇੰਡੋਨੇਸ਼ੀਆ ਦੇ ਮਹੱਤਵਪੂਰਨ ਪਾਮ-ਤੇਲ ਦੀ ਬਰਾਮਦ ਨੂੰ ਰੋਕਣ ਦਾ ਫੈਸਲਾ ਵੀ ਸ਼ਾਮਲ ਹੈ। ਅਜਿਹੀਆਂ ਪਾਬੰਦੀਆਂ ਇੱਕ ਕੈਸਕੇਡਿੰਗ ਪ੍ਰਭਾਵ ਨੂੰ ਬੰਦ ਕਰਨ ਦਾ ਖਤਰਾ ਬਣਾਉਂਦੀਆਂ ਹਨ, ਹਰ ਕਿਸੇ ਲਈ ਕੀਮਤਾਂ ਨੂੰ ਵਧਾਉਂਦੀਆਂ ਹਨ: ਉਹਨਾਂ ਨੇ 2008-11 ਦੇ ਭੋਜਨ ਸੰਕਟ ਦੌਰਾਨ ਗਲੋਬਲ ਭੋਜਨ ਦੀਆਂ ਕੀਮਤਾਂ ਵਿੱਚ 13% ਵਾਧੇ ਦਾ ਅਨੁਮਾਨ ਲਗਾਇਆ ਹੈ। ਵਿਸ਼ਵ ਦੀ ਭੋਜਨ ਸਪਲਾਈ 'ਤੇ ਦਬਾਅ ਨੂੰ ਤਾਲਮੇਲ ਵਾਲੇ ਜਵਾਬ ਦੀ ਲੋੜ ਹੈ। ਕੋਈ ਨਵੀਂ ਵਪਾਰਕ ਪਾਬੰਦੀਆਂ ਨਹੀਂ ਜੋੜੀਆਂ ਜਾਣੀਆਂ ਚਾਹੀਦੀਆਂ ਹਨ ਜਦੋਂ ਕਿ ਪਹਿਲਾਂ ਹੀ ਲਗਾਈਆਂ ਗਈਆਂ ਪਾਬੰਦੀਆਂ ਨੂੰ ਜਿੰਨੀ ਜਲਦੀ ਹੋ ਸਕੇ ਹਟਾਇਆ ਜਾਣਾ ਚਾਹੀਦਾ ਹੈ। ਵਿਸ਼ਵ ਵਪਾਰ ਸੰਗਠਨ ਦੀ ਜੂਨ ਦੀ ਮੰਤਰੀ ਪੱਧਰੀ ਮੀਟਿੰਗ ਵਿੱਚ, ਦੇਸ਼ਾਂ ਨੂੰ ਇੱਕ ਹੋਰ ਬਾਈਡਿੰਗ ਸਮਝੌਤੇ ਦੀ ਮੰਗ ਕਰਨੀ ਚਾਹੀਦੀ ਹੈ, ਘੱਟੋ ਘੱਟ ਮਨੁੱਖਤਾਵਾਦੀ ਉਦੇਸ਼ਾਂ ਲਈ ਲੋੜੀਂਦੇ ਭੋਜਨ ਦੀ ਸਪਲਾਈ ਨੂੰ ਰੋਕਣ ਲਈ ਨਹੀਂ। ਉਹਨਾਂ ਨੂੰ ਸਟਾਕਾਂ ਅਤੇ ਸ਼ਿਪਿੰਗ ਲੌਜਿਸਟਿਕਸ ਬਾਰੇ ਉਹਨਾਂ ਕੋਲ ਕੋਈ ਵੀ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ, ਤਾਂ ਜੋ ਬਾਜ਼ਾਰ ਬੇਲੋੜੇ ਘਬਰਾ ਨਾ ਜਾਣ। ਇਸ ਤੋਂ ਇਲਾਵਾ, ਦੇਸ਼ਾਂ ਨੂੰ ਅਜਿਹੀਆਂ ਨੀਤੀਆਂ ਨੂੰ ਵਾਪਸ ਲੈਣਾ ਚਾਹੀਦਾ ਹੈ ਜੋ ਲੋੜ ਦੇ ਸਮੇਂ ਬਾਜ਼ਾਰ ਤੋਂ ਭੋਜਨ ਲੈ ਜਾਂਦੀਆਂ ਹਨ। ਅੰਤ ਵਿੱਚ, ਸਰਕਾਰਾਂ ਨੂੰ ਬਾਜ਼ਾਰਾਂ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ। ਸ਼ੁਰੂਆਤੀ ਸੰਕੇਤਾਂ ਤੋਂ ਪਤਾ ਚੱਲਦਾ ਹੈ ਕਿ ਯੂਐਸ ਅਤੇ ਯੂਰਪੀਅਨ ਕਿਸਾਨ ਵਧੇਰੇ ਬੀਜਣ ਦੁਆਰਾ ਉੱਚੀਆਂ ਕੀਮਤਾਂ ਦਾ ਜਵਾਬ ਦੇ ਰਹੇ ਹਨ। ਅਧਿਕਾਰੀ ਬਾਹਰ ਨਿਕਲ ਕੇ ਅਜਿਹੀਆਂ ਚੋਣਾਂ ਨੂੰ ਸਭ ਤੋਂ ਵਧੀਆ ਉਤਸ਼ਾਹਿਤ ਕਰ ਸਕਦੇ ਹਨ। ਸੰਕਟ ਦੀ ਸਥਿਤੀ ਵਿੱਚ, ਪਹਿਲਾ ਸਿਧਾਂਤ ਕੋਈ ਨੁਕਸਾਨ ਨਾ ਕਰਨਾ ਹੋਣਾ ਚਾਹੀਦਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ,*
*ਮਲੋਟ, ਪੰਜਾਬ।*

# ਕੈਪਟਨ ਅਮਰਿੰਦਰ ਵੱਲੋਂ ਸੰਗਰੂਰ ਦੀ ਲੋਕ ਸਭਾ ਚੋਣ ਲੜਨ ਤੋਂ ਨਾਂਹ

* ਭਾਜਪਾ ਦੀ ਪੇਸ਼ਕਸ਼ ਉੱਤੇ ਕਿਹਾ: ਪੰਜਾਬ ਦੀ ਰਾਜਨੀਤੀ ਵਿੱਚ ਹੀ ਖੁਸ਼ ਹਾਂ

ਚੰਡੀਗੜ੍ਹ, 29 ਮਈ (ਪੋਸਟ ਬਿਊਰੋ)- ਰਾਜਨੀਤਕ ਹਲਕਿਆਂ ਵਿੱਚ ਇਸ ਗੱਲ ਦੀ ਚਰਚਾ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਨੇ ਸੰਗਰੂਰ ਹਲਕੇ ਤੋਂ 23 ਜੂਨ ਨੂੰ ਹੋ ਰਹਲੀ ਉਪ ਚੋਣ ਲੜਨ ਤੋਂ ਸਪੱਸ਼ਟ ਤੌਰ ਉੱਤੇ ਨਾਂਹ ਕਰ ਦਿੱਤੀ ਹੈ, ਪਰ ਭਾਜਪਾ ਦੇ ਪੱਖ ਵਾਲੇ ਕਿਸੇ ਵੀ ਉਮੀਦਵਾਰ ਦਾ ਸਮਰਥਨ ਕਰਨ ਦਾ ਭਰੋਸਾ ਦਿੱਤਾ ਹੈ। ਪਤਾ ਲੱਗਾ ਹੈ ਕਿ ਉਨ੍ਹਾ ਨੇ ਦਲੀਲ ਦਿੱਤੀ ਹੈ ਕਿ ਉਹ ਪੰਜਾਬ ਵਿਧਾਨ ਸਭਾ ਦੀ ਚੋਣ ਹਾਰ ਗਏ ਹਨ, ਫਿਰ ਵੀ ਉਨ੍ਹਾਂ ਨੇ ਦਿੱਲ ਨਹੀਂ ਹਾਰਿਆ ਅਤੇ ਉਹ ਰਾਜ ਦੀ



ਰਾਜਨੀਤੀ ਵਿੱਚ ਹੀ ਰਹਿਣਾ ਚਾਹੁੰਦੇ ਹਨ।

ਭਾਜਪਾ ਅੰਦਰਲੇ ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੇ ਸੰਕੇਤ ਦਿੱਤਾ ਹੈ ਕਿ ਬੇਸ਼ੱਕ ਅਰਵਿੰਦ ਖੰਨਾ ਨੂੰ ਭਾਜਪਾ ਟਿਕਟ ਉੱਤੇ ਖੜ੍ਹਾ ਕੀਤਾ ਜਾਏ, ਉਹ ਉਨ੍ਹਾਂ ਦਾ ਸਮਰਥਨ ਕਰਨਗੇ। ਅਰਵਿੰਦ ਖੰਨਾ ਦੂਰੋਂ-ਨੇੜਿਓਂ ਪਟਿਆਲਾ ਦੇ ਸ਼ਾਹੀ ਪਰਵਾਰ ਦੇ ਰਿਸ਼ਤੇਦਾਰ ਹਨ। ਖੰਨਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਉਪ ਚੋਣ ਲੜਨ ਦੀ ਕੋਈ ਇੱਛਾ ਨਹੀਂ, ਫਿਰ ਵੀ ਭਾਜਪਾ ਹਾਈਕਮਾਂਡ ਜੋ ਫੈਸਲਾ ਕਰੇਗੀ, ਉਹ ਖਿੜੇ ਮੱਥੇ ਮੰਨਣਾ ਪਵੇਗਾ। ਇਸ ਗੱਲ ਬਾਰੇ ਪੰਜਾਬਭਾਜਪਾ ਦੇ ਕਈ ਆਗੂ ਸੰਕੇਤ ਦੇ ਚੁੱਕੇ ਹਨ ਕਿਭਾਜਪਾ ਆਪਣੇ ਚੋਣ ਨਿਸ਼ਾਨ ਉੱਤੇ ਇਹ ਉਪ-ਚੋਣ ਲੜੇਗੀ।

# ਸਕੂਲ ਬੱਸਾਂ ਦਾ ਬਕਾਇਆ ਟੈਕਸ ਪੰਜ ਅਗਸਤ ਤਕ ਭਰਨ ਦੇ ਹੁਕਮ

ਚੰਡੀਗੜ੍ਹ, 29 ਮਈ (ਪੋਸਟ ਬਿਊਰੋ)- ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਵਿੱਚ ਸਾਰੇ ਸਕੂਲ ਪ੍ਰਬੰਧਕਾਂ ਨੂੰ ਹਿਦਾਇਤ ਕੀਤੀ ਕਿ ਉਹ ਪੰਜ ਅਗਸਤ ਤਕ ਬੱਸਾਂ ਦੇ ਬਕਾਇਆ ਟੈਕਸ ਭਰ ਦੇਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਤੈਅ ਮਿਤੀ ਪਿੱਛੋਂ ਡਿਫਾਲਟਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਸਕੂਲ ਮੁਖੀਆਂ ਤੇ ਪ੍ਰਬੰਧਕਾਂ ਨਾਲ ਮੀਟਿੰਗ ਦੌਰਾਨ ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਟੈਕਸ ਡਿਫਾਲਟਰਾਂ ਲਈ ਐਮਨੈਸਟੀ ਸਕੀਮ ਚਲਾਈ ਜਾ ਰਹੀ ਹੈ, ਜਿਸ ਦੇ ਤਹਿਤ ਟੈਕਸ ਡਿਫਲਟਰਾਂ ਨੂੰ ਪੰਜ ਅਗਸਤ ਤਕ



ਟੈਕਸ ਭਰਨ ਦਾ ਸਮਾਂ ਦਿੱਤਾ ਹੈ। ਉਨ੍ਹਾ ਸਪੱਸ਼ਟ ਕੀਤਾ ਕਿ ਸਕੂਲ ਬੱਸ ਉੱਤੇ ਆਉਣ-ਜਾਣ ਵਾਲੇ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਕਰਨ ਦੇ ਲਈ ਸਕੂਲ ਬੱਸਾਂ ਵਿੱਚ ਨਿਯਮਾਂ ਦੀਆਂ ਕਮੀਆਂ ਨੂੰ 31 ਅਗਸਤ ਤਕ ਹਰ ਹੀਲੇ ਪੂਰਾ ਕੀਤਾ ਜਾਵੇ। ਮੰਤਰੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਹਿਦਾਇਤ ਕੀਤੀ ਕਿ ਉਹ ਸਮੇਂ-ਸਮੇਂ ਉੱਤੇ ਸਕੂਲੀ ਵਾਹਨਾਂ ਦੀ ਚੈਕਿੰਗ ਕਰਨ ਤੇ ਨਿਯਮਾਂ ਦੀ ਉਲੰਘਣਾ ਕਰ ਰਹੇ ਸਕੂਲ ਵਾਹਨਾਂ ਨੂੰ ਜ਼ਬਤ ਕਰਨ। ਭੁੱਲਰ ਨੇ ਕਿਹਾ ਕਿ ਬੱਸਾਂ ਵਿੱਚ ਨਿਯਮਾਂ ਮੁਤਾਬਕ ਲੋੜੀਂਦੇ ਸਾਮਾਨ ਦੀ ਘਾਟ ਕਾਰਨ ਵਾਪਰੀ ਅਣਸੁਖਾਵੀਂ ਘਟਨਾ ਦੀ ਜ਼ਿੰਮੇਵਾਰੀ ਸਕੂਲ ਦੇ ਪ੍ਰਬੰਧਕਾਂ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਬੱਸਾਂ ਵਿੱਚ ਸਹੂਲਤਾਂ ਦੀ ਘਾਟ ਬਾਰੇ ਮਾਪੇ ਵੀ ਪ੍ਰਸ਼ਾਸਨ ਨੂੰ ਦੱਸਣ।

# ਸੰਯੁਕਤ ਕਿਸਾਨ ਮੋਰਚੇ ਦਾ ਐਲਾਨ: ਚੋਣਾਂ ਲੜਨ ਵਾਲੇ ਆਗੂਆਂ ਨੂੰ ਮੋਰਚੇ ਵਿੱਚ ਸ਼ਾਮਲ ਨਹੀਂ ਕਰਾਂਗੇ

ਲੁਧਿਆਣਾ, 29 ਮਈ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨਕਈ ਕਿਸਾਨ ਸੰਗਠਨ ਸੰਯੁਕਤ ਕਿਸਾਨ ਮੋਰਚਾ (ਐਸ ਕੇ ਐਮ) ਤੋਂ ਵੱਖ ਹੋ ਕੇ ਚੋਣਾਂ ਲੜੇ ਸਨ, ਜਿਨ੍ਹਾਂ ਨੂੰ ਲੋਕਾਂ ਨੇ ਨਾ ਮਾਤਰ ਹੁੰਗਾਰਾ ਦਿੱਤਾ ਸੀ। ਇਸ ਪਿੱਛੋਂ ਸੰਯੁਕਤ ਕਿਸਾਨ ਮੋਰਚਾ ਨੂੰ ਮੁੜ ਲਾਮਬੰਦ ਕਰਨ ਲਈ ਐਸ ਕੇ ਐਮ ਦੇ ਆਗੂ ਰਾਕੇਸ਼ ਟਿਕੈਤ, ਯੋਗੇਂਦਰ ਯਾਦਵ, ਜੋਗਿੰਦਰ ਸਿੰਘ ਉਗਰਾਹਾਂ, ਡਾ: ਦਰਸ਼ਨ ਪਾਲ, ਸ਼ਿਵ ਕੁਮਾਰ ਕੱਕਾ ਮੱਧ ਪ੍ਰਦੇਸ਼ ਅਤੇ ਜਗਜੀਤ ਸਿੰਘ ਡੱਲੇਵਾਲ ਕੱਲ੍ਹ ਲੁਧਿਆਣਾ ਦੇ ਭਾਈ ਰਣਧੀਰ ਸਿੰਘ ਨਗਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪੁੱਜੇ, ਜਿੱਥੇ ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ 23 ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਪਿੱਛੋਂ ਕੌਮੀ ਆਗੂ ਰਾਕੇਸ਼ ਟਿਕੈਤ ਨੇ ਦੱਸਿਆ ਕਿ ਰਾਜਨੀਤੀ ਕਰਨ ਅਤੇ ਚੋਣਾਂ ਲੜਨ ਦੇ ਚਾਹਵਾਨਾਂ ਲਈ ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਅੰਦੋਲਨ ਵਿੱਚ ਕੋਈ ਥਾਂ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਅਸੈਂਬਲੀ ਚੋਣਾਂ ਲੜਨ ਤੋਂ ਲੈ ਕੇ ਅੱਜ ਤਕ ਕਿਸਾਨ ਸੰਗਠਨਾਂ ਦਾ ਰਾਜਨੀਤੀ ਦੀ ਬਿਮਾਰੀ ਤੋਂ ਪੱਲਾ ਨਹੀਂ ਛੁੱਟ ਰਿਹਾ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਜਾਂ ਕਿਸਾਨ ਯੂਨੀਅਨਾਂ ਵਿੱਚ ਕੋਈ ਫੁੱਟ ਨਹੀਂ ਹੈ,50 ਤੋਂ ਵੱਧ ਜਥੇਬੰਦੀਆਂ ਐਸ ਕੇ ਐਮ ਦਾ ਹਿੱਸਾ ਬਣਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਨਾਲ ਵਿਰੁੱਧ ਕਿਸਾਨਾਂ ਦੀਆਂ ਮੰਗਾਂ ਲਈ ਛੇਤੀ ਹੀ ਫਿਰ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਰੂਪ ਰੇਖਾ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਪੀਲ ਉੱਤੇ ਮੁੱਖ ਮੰਤਰੀ ਪੰਜਾਬ, ਮੁੱਖ ਮੰਤਰੀ ਤੇਲੰਗਾਨਾ, ਮੁੱਖ ਮੰਤਰੀ ਦਿੱਲੀ ਸਣੇ ਕੌਮੀ ਆਗੂਆਂ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਐਮ ਐਸ ਪੀ(ਘੱਟੋ ਘੱਟ ਖਰੀਦ ਕੀਮਤ) ਉੱਤੇ ਕਮੇਟੀ ਬਣਾਉਣ ਲਈ ਸੰਯੁਕਤ ਕਿਸਾਨ ਮੋਰਚਾ ਵਿੱਚ ਘਰ ਵਾਪਸੀ ਦੇ ਲਈ ਚਿੱਠੀ ਆਈ ਹੈ, ਜਿਸ ਬਾਰੇ ਉਹ ਉਨ੍ਹਾਂ ਦੀ ਗੱਲ ਸੁਣਨ ਤੇ ਸਲਾਹ ਲੈਣ ਆਏ ਹਨ ਕਿ ਉਨ੍ਹਾਂ ਨੂੰ 16 ਕਿਸਾਨ ਜਥੇਬੰਦੀਆਂ ਬਾਰੇ ਕੀ ਫੈਸਲਾ ਕਰਨਾ ਹੈ। ਮੀਟਿੰਗ ਵਿੱਚ 23 ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਇੱਕ ਸੁਰ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੂੰ ਖੇਰੂੰ ਖੇਰੂੰ ਕਰਨ ਅਤੇ ਸਰਕਾਰਾਂ ਕੋਲ ਮੋਰਚੇ ਨੂੰ ਵੇਚਣ ਵਾਲੇ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਪ੍ਰਧਾਨ ਬੂਟਾ ਸਿੰਘ ਬੁਰ-ਜਗਿਲ ਤੇ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਵਿਧਾਨ ਸਭਾ ਚੋਣਾਂ ਲੜਨ ਵਾਲਿਆਂ ਨੂੰ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਨਾ ਕੀਤਾ ਜਾਵੇ। ਇਨ੍ਹਾਂ ਆਗੂਆਂ ਨੇ ਸੰਯੁਕਤ ਕਿਸਾਨ ਮੋਰਚਾ ਨੂੰ ਖੇਰੂੰ-ਖੇਰੂੰ ਕਰਨ ਵਾਲੀਆਂ ਜਥੇਬੰਦੀਆਂ ਤੇ ਆਗੂਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਤ 23 ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਨਰਲ ਸੈਕਟਰੀ ਹਰਿੰਦਰ ਸਿੰਘ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਪ੍ਰਧਾਨ ਸੁਰਜੀਤ ਸਿੰਘ ਫੂਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਮੇਜਰ ਸਿੰਘ ਪੁਨਾਵਾਲ, ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ, ਕਿਸਾਨ ਸੰਘਰਸ਼ ਕਮੇਟੀ ਕੋਟਬੁੱਢਾ ਦੇ ਪ੍ਰਧਾਨ ਇੰਦਰਜੀਤ ਸਿੰਘ ਕੋਟਬੁੱਢਾ, ਲੋਕ ਭਲਾਈ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ, ਦਸੂਹਾ ਗੰਨਾ ਸੰਘਰਸ਼ ਕਮੇਟੀ ਦੇ ਪ੍ਰਧਾਨ ਸੁਖਪਾਲ ਸਿੰਘ ਡੱਫਰ, ਆਜ਼ਾਦ ਕਿਸਾਨ ਕਮੇਟੀ ਦੁਆਬਾ ਦੇ ਪ੍ਰਧਾਨ ਹਰਪਾਲ ਸਿੰਘ ਸੰਘਾ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਹਰਦੇਵ ਸਿੰਘ ਸੰਧੂ, ਜੈ ਕਿਸਾਨ ਅੰਦੋਲਨ ਪੰਜਾਬ ਦੇ ਪ੍ਰਧਾਨ ਗੁਰਬਖਸ਼ ਸਿੰਘ ਬਰਨਾਲਾ, ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੇ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ, ਭਾਰਤੀ ਕਿਸਾਨ ਯੂਨੀਅਨ ਮਾਨਸਾ ਦੇ ਪ੍ਰਧਾਨ



ਗੁਰਚਰਨ ਸਿੰਘ ਭਿੱਖੀ, ਦੁਆਬਾ ਵੈਲਫੇਅਰ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਸ਼ਲਿੰਦਰ ਸਿੰਘ ਬਾਗੜੀਆਂ, ਬਾਰਡਰ ਕਿਸਾਨ ਸੰਘਰਸ਼ ਯੂਨੀਅਨ ਦੇ ਪ੍ਰਧਾਨ ਰਘਬੀਰ ਸਿੰਘ ਭੰਗਾਲਾ, ਕਿਸਾਨ ਅਤੇ ਜਵਾਨ ਭਲਾਈ ਯੂਨੀਅਨ ਦੇ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੁਆਬਾ ਦੇ ਪ੍ਰਧਾਨ ਉਂਕਾਰ ਸਿੰਘ ਧਾਮੀ, ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਕਿਸਾਨ ਮਜ਼ਦੂਰ ਯੂਨੀਅਨ ਮਾਝਾ ਦੇ ਪ੍ਰਧਾਨ ਗੁਰਮੁਖ ਸਿੰਘ ਬਾਜਵਾ, ਭਾਰਤੀ ਕਿਸਾਨ ਯੂਨੀਅਨ ਮਾਝਾ ਦੇ ਪ੍ਰਧਾਨ ਕੰਵਲਜੀਤ ਸਿੰਘ ਅਤੇ ਕੰਢੀ ਏਰੀਆ ਸੰਘਰਸ਼ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਦੇ ਪ੍ਰਤੀਨਿਧਾਂ ਨੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੀ ਕਮੇਟੀ ਨਾਲ ਮੀਟਿੰਗ ਕੀਤੀ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਵੱਲੋਂ ਐਸ ਕੇ ਐਮ ਵਿੱਚ ਮੁੜ ਸ਼ਾਮਲ ਹੋਣ ਦੀ ਇੱਛਾ ਰੱਖਣ ਵਾਲੀਆਂ 16 ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵੀ ਮੀਟਿੰਗ ਕੀਤੀ।

ਇਸ ਦੌਰਾਨ ਸੰਯੁਕਤ ਕਿਸਾਨ ਮੋਰਚਾ ਤੋਂ ਵਿਧਾਨ ਸਭਾ ਚੋਣਾਂ ਸਮੇਂ ਵੱਖਰੇ ਹੋਏ ਪੰਜਾਬ ਦੇ 16 ਸੰਗਠਨਾਂ ਨੇ ਮੁੜ ਕੇ ਸੰਯੁਕਤ ਕਿਸਾਨ ਮੋਰਚਾ ਵਿੱਚ ਵਾਪਸੀ ਦੀ ਇੱਛਾ ਪ੍ਰਗਟਾਈ ਹੈ। ਇਨ੍ਹਾਂ ਵਿੱਚ ਸਤਨਾਮ ਸਿੰਘ ਅਜਨਾਲਾ ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ, ਬਲਵਿੰ-ਦਰ ਸਿੰਘ ਮੱਲ੍ਹੀਅਨੰਗਲ ਸੂਬਾ ਪ੍ਰਧਾਨ ਦੁਆਬਾ ਕਿਸਾਨ ਸੰਘਰਸ਼ ਕਮੇਟੀ, ਕਿਰਨਜੀਤ ਸਿੰਘ ਸੇਖੋਂ ਸੂਬਾ ਪ੍ਰਧਾਨ ਆਲ ਇੰਡੀਆ ਕਿਸਾਨ ਫੈਡਰੇਸ਼ਨ, ਕੁਲਦੀਪ ਸਿੰਘ ਵਜੀਦਪੁਰ ਸੂਬਾ ਪ੍ਰਧਾਨ ਦੁਆਬਾ ਕਿਸਾਨ ਯੂਨੀਅਨ, ਜੰਗਵੀਰ ਸਿੰਘ ਸੂਬਾ ਪ੍ਰਧਾਨ ਦੁਆਬਾ ਕਿਸਾਨ ਕਮੇਟੀ, ਕਿਰਪਾ ਸਿੰਘ ਨੱਥੂਵਾਲ ਕਿਸਾਨ ਬਚਾਓ ਮੋਰਚਾ, ਬੂਟਾ ਸਿੰਘ ਸ਼ਾਦੀਪੁਰ ਸੂਬਾ ਪ੍ਰਧਾਨ ਭਾਰਤੀ ਕਿਸਾਨ ਮੰਚ, ਬਲਵਿੰਦਰ ਸਿੰਘ ਔਲਖ ਸੂਬਾ ਪ੍ਰਧਾਨ ਮਾਝਾ ਕਿਸਾਨ ਸੰਘਰਸ਼ ਕਮੇਟੀ, ਬਲਕਰਨ ਸਿੰਘ ਬਰਾੜ ਸੂਬਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ ਅਤੇ ਹੋਰ ਸ਼ਾਮਲ ਹਨ।

# ਹੋਮਗਾਰਡ ਦੀ ਜ਼ਿਲ੍ਹਾ ਕਮਾਂਡਰ ਤੇ ਪਲਟੂਨ ਕਮਾਂਡਰ ਖਿਲਾਫ ਰਿਸ਼ਵਤ ਦਾ ਕੇਸ ਦਰਜ

ਚੰਡੀਗੜ੍ਹ, 29 ਮਈ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਨੇ ਜਲੰਧਰ ਹੋਮ ਗਾਰਡ ਦੇ ਜ਼ਿਲ੍ਹਾ ਕਮਾਂਡਰ ਨਿਰਮਲਾ ਅਤੇ ਪਲਟੂਨ




ਕਮਾਂਡਰ ਅਨਮੋਲ ਮੋਤੀ ਨੂੰ ਭ੍ਰਿਸ਼ਟਾਚਾਰ ਐਕਟ ਦੀਆਂ ਧਾਰਾਵਾਂ ਦਾ ਦੋਸ਼ੀ ਮੰਨ ਕੇ ਕੇਸ ਦਰਜ ਕੀਤਾ ਹੈ। ਇਨ੍ਹਾਂ ਦੋਵਾਂ ਉੱਤੇ ਦੋਸ਼ ਹੈ ਕਿ ਇਨ੍ਹਾਂ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਕੇ ਹੋਮਗਾਰਡ ਵਲੰਟੀਅਰ ਸੇਵਾ ਰਾਮ ਦੀ ਸੇਵਾਮੁਕਤੀ ਦੀ ਉਮਰ ਵਿੱਚ ਵਾਧਾ ਕਰਨ ਲਈ ਰਿਸ਼ਵਤ ਲਈ ਹੈ।


ਇਸ ਬਾਰੇ ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਰੋਕਣ ਲਈ ਜਾਰੀ ਕੀਤੇ ਗਏ ਵਾਟਸਐਪ ਨੰਬਰ 95012-00200 ਉੱਤੇਆਈ ਲਿਖਤੀ ਸ਼ਿਕਾਇਤ ਦੀ ਪੜਤਾਲ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਨੇ ਕੀਤੀ ਤਾਂ ਜਾਂਚ ਵਿੱਚ ਪਤਾ ਲੱਗਾ ਕਿ ਸ਼ਿਕਾਇਤਕਰਤਾ ਸੇਵਾ ਰਾਮ ਨੇ ਭਰਤੀ ਹੋਣ ਸਮੇਂ ਆਪਣੇ ਭਰਤੀ ਫਾਰਮ ਵਿੱਚ ਉਮਰ 25 ਸਾਲ ਲਿਖੀ ਸੀ ਅਤੇ ਜਨਮ ਮਿਤੀ ਦਾ ਵਿਸ਼ੇਸ਼ ਜ਼ਿਕਰ ਨਹੀਂ ਕੀਤਾ ਸੀ। ਭਰਤੀ ਫਾਰਮ ਵਿੱਚ ਦਰਸਾਈ ਉਮਰ ਦੇ ਹਿਸਾਬ ਨਾਲ ਸੇਵਾ ਰਾਮ ਦੀ 17.5.2021 ਨੂੰ 58 ਸਾਲ ਉਮਰ ਬਣਦੀ ਸੀ। ਉਸ ਨੇ ਲਿਖਿਆ ਕਿ ਪਲਟੂਨ ਕਮਾਂਡਰ ਅਨਮੋਲ ਮੋਤੀ ਨੇ ਉਸ ਨੂੰ 1.5.2021 ਨੂੰ ਦਫਤਰ ਬੁਲਾ ਕੇ ਉਸ ਵਕਤ ਦੇ ਜ਼ਿਲ੍ਹਾ ਹੋਮ ਗਾਰਡਜ਼ ਕਮਾਂਡਰ ਨਿਰਮਲਾ ਦੇ ਪੇਸ਼ ਕਰਵਾਇਆ, ਜਿੱਥੇ ਉਸ ਦੀ ਸੇਵਾਮੁਕਤੀ ਮਈ 2021 ਵਿੱਚ ਹੋਣ ਬਾਰੇ ਦੱਸਿਆ ਗਿਆ। ਉਸ ਨੇ ਆਪਣੀ ਜਨਮ ਮਿਤੀ 25 ਅਗਸਤ 1970 ਹੋਣ ਬਾਰੇ ਦੱਸ ਕੇ ਕਿਹਾ ਕਿ ਉਸ ਦੀ ਨੌਕਰੀ ਦੇਸੱਤ ਸਾਲ ਬਾਕੀ ਹਨ। ਜ਼ਿਲ੍ਹਾ ਕਮਾਂਡਰ ਨਿਰਮਲਾ ਨੇ ਸੇਵਾ ਰਾਮ ਦੀ ਨੌਕਰੀ ਵਿੱਚ ਵਾਧਾ ਕਰਨ ਲਈ ਪਲਟੂਨ ਕਮਾਂਡਰ ਅਨਮੋਲ ਮੋਤੀ ਰਾਹੀਂ ਰਿਸ਼ਵਤ ਦੀ ਮੰਗ ਕੀਤੀ।ਬੁਲਾਰੇ ਮੁਤਾਬਕ ਸ਼ਿਕਾਇਤਕਰਤਾ ਨੇ ਆਪਣੀ ਨੌਕਰੀ ਦੇ ਸਮੇਂ ਦਾ ਵਾਧਾ ਕਰਨ ਲਈ ਉਕਤ ਜ਼ਿਲ੍ਹਾ ਕਮਾਂਡਰ ਨਿਰਮਲਾ ਦੀ ਮੰਗ ਅਨੁਸਾਰ 2,40,000 ਰੁਪਏ ਅਨਮੋਲ ਮੋਤੀ ਪਲਟੂਨ ਕਮਾਂਡਰ ਨੂੰ ਵੱਖ-ਵੱਖ ਸਮੇਂ ਦਿੱਤੇ, ਜਿਸ ਨੇ ਰਿਸ਼ਵਤ ਦੀ ਇਹ ਰਕਮ ਅੱਗੇ ਜ਼ਿਲ੍ਹਾ ਕਮਾਂਡਰ ਨੂੰ ਦੇ ਦਿੱਤੀ।ਵਿਜੀਲੈਂਸ ਬੁਲਾਰੇ ਨੇ ਦੱਸਿਆ ਕਿ ਜਾਂਚ ਵਿੱਚ ਪਤਾਲੱਗਾ ਕਿ ਜ਼ਿਲ੍ਹਾ ਕਮਾਂਡਰ ਨੇ ਸੇਵਾ ਰਾਮ ਨੂੰ ਨੌਕਰੀ ਲਈ ਅਯੋਗ ਹੋਣ ਦੇ ਬਾਵਜੂਦ ਉਸ ਦੇ ਸੇਵਾ ਕਾਲ ਦਾ ਵਾਧਾ ਕਰਨ ਲਈ ਗਾਰਡ ਸੇਵਾ ਰਾਮ ਦੀ ਜਨਮ ਮਿਤੀ 25 ਅਗਸਤ 1970 ਨੂੰ ਮਾਨਤਾ ਦੇ ਕੇ ਅਹੁਦੇ ਦੀ ਦੁਰਵਰਤੋਂ ਕੀਤੀ ਤੇ ਉਸ ਕੋਲੋਂ ਰਿਸ਼ਵਤ ਲਈ। ਇਸ ਆਧਾਰ ਉਤੇ ਉਕਤ ਦੋਵਾਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਕੇਸਕੀਤਾ ਗਿਆ ਹੈ।

# ਸਿਰਫ 600 ਰੁਪਏ ਕਾਰਨ ਜਾਨ ਗਵਾਉਣੀ ਪਈ

ਭੋਗਪੁਰ, 29 ਮਈ (ਪੋਸਟ ਬਿਊਰੋ)- ਦਾਣਾ ਮੰਡੀ ਭੋਗਪੁਰ ਦੇ ਜੌਹਲ ਹਸਪਤਾਲ ਵਿੱਚ 26 ਮਈ ਰਾਤ ਡਿਊਟੀਕਰਦੇ ਮੁਲਾਜ਼ਮਾਂ ਦੀ ਅਣਗਹਿਲੀ ਕਾਰਨ ਅਤੇ ਪਹਿਲਾਂ 600 ਰੁਪਏ ਜਮ੍ਹਾਂ ਕਰਵਾਉਣ ਅਤੇ ਫਿਰ ਐਂਬੂਲੈਂਸ ਦੇਣ ਬਾਰੇ ਕਹਿਣ ਉੱਤੇ ਮਰੀਜ ਗੁਰਭੇਜ ਸਿੰਘ ਦੀ ਜਲੰਧਰ ਲਿਜਾਂਦੇ ਸਮੇਂ ਰਸਤੇ ਵਿੱਚ ਮੌਤ ਹੋ ਗਈ।

ਸੰਦੀਪ ਕੁਮਾਰ ਪੁੱਤਰ ਗੁਰਭੇਜ ਸਿੰਘ ਪਿੰਡ ਕੱਤੋਵਾਲ ਥਾਣਾ ਬੁੱਲੋਵਾਲ ਨੇ ਦੱਸਿਆ ਕਿ ਉਸ ਦੇ ਪਿਤਾ ਗੁਰਭੇਜ ਸਿੰਘ ਪੁੱਤਰ ਬਿਸ਼ਨ ਦਾਸ ਦੇ ਪੇਟ ਵਿੱਚ ਅਚਾਨਕ ਦਰਦ ਹੋਣ ਕਰ ਕੇ ਪਿੰਡ ਤੋਂ ਗੱਡੀ ਦਾ ਪ੍ਰਬੰਧ ਕਰ ਕੇ ਪਰਵਾਰਨਾਲ ਜੌਹਲ ਹਸਪਤਾਲ ਭੋਗਪੁਰ ਲਈ ਲੈ ਕੇ ਆਇਆ ਸੀ, ਜਿੱਥੇ ਰਾਤ ਦੀ ਡਿਊਟੀ ਉੱਤੇ ਹਾਜ਼ਰ ਡਾਕਟਰ ਨੇ ਚੈਕਅਪ ਕਰਨ ਉਪਰੰਤ ਜੌਹਲ ਹਸਪਤਾਲ ਜਲੰਧਰ ਲਿਜਾਣ ਲਈ ਆਖਿਆ।ਮਰੀਜ਼ ਗੁਰਭੇਜ ਸਿੰਘ ਦੀ ਹਾਲਤ ਗੰਭੀਰ ਹੋਣ ਕਰ ਕੇ ਸੰਦੀਪ ਕੁਮਾਰ ਨੇ ਉਨ੍ਹਾਂ ਨੂੰ ਜਲੰਧਰ ਬਾਈਪਾਸ ਦੇ ਸ਼੍ਰੀਮੰਨ ਹਸਪਤਾਲ ਲਿਜਾਣ ਲਈ ਐਂਬੂਲੈਂਸ ਦੇਣ ਲਈ ਕਿਹਾ, ਪਰ ਜੌਹਲ ਹਸਪਤਾਲ ਦੇ ਸਟਾਫ ਨੇ ਕਿਹਾ ਕਿ ਮਰੀਜ਼ ਨੂੰ ਰਾਮ ਮੰਡੀ ਦੇ ਜੌਹਲ ਹਸਪਤਾਲ ਲਿਜਾਣਾ ਹੈ ਤਾਂ ਐਂਬੂਲੈਂਸ ਬਿਨਾਂ ਕਿਰਾਏ ਤੋਂ ਜਾਵੇਗੀ ਅਤੇ ਜੇ ਕਿਸੇ ਹੋਰ ਹਸਪਤਾਲ ਜਾਣਾ ਹੈ ਤਾਂ 600 ਰੁਪਏ ਕਿਰਾਇਆ ਲੱਗੇਗਾ। ਜਿਸ ਉੱਤੇ ਸੰਦੀਪ ਸਿੰਘ ਨੇ ਹਸਪਤਾਲ ਸਟਾਫ ਨੂੰ ਬੇਨਤੀ ਕੀਤੀ ਕਿ ਗੁਰਭੇਜ ਸਿੰਘ ਦੀ ਹਾਲਤ ਗੰਭੀਰ ਹੋਣ ਕਰ ਕੇ ਉਸ ਨੂੰ ਹਸਪਤਾਲ ਪਹੁੰਚਾ ਦਿਉ ਤੇ ਕੋਲ ਪੈਸੇ ਨਾ ਹੋਣ ਕਰ ਕੇ ਹਸਪਤਾਲ ਜਾ ਕੇ ਛੇ ਸੌ ਰੁਪਏ ਦੇ ਦਿਆਂਗੇ, ਪਰ ਐਂਬੂਲੈਂਸ ਡਰਾਈਵਰ ਮਰੀਜ਼ ਨੂੰ ਐਂਬੂਲੈਂਸ ਵਿੱਚ ਲੰਮਾ ਪਾ ਕੇ ਹਸਪਤਾਲ ਵਿੱਚ ਗਿਆ, ਜਿੱਥੇ ਡਾਕਟਰ ਨੇ ਪਹਿਲਾਂ ਛੇ ਰੁਪਏ ਕਿਰਾਇਆ ਦੇਣ ਅਤੇ ਫਿਰ ਐਂਬੂਲੈਂਸ ਲਿਜਾਣ ਲਈ ਕਿਹਾ। ਕਾਫੀ ਜੱਦੋਜਹਿਦ ਪਿੱਛੋਂ ਜਦੋਂ ਜੌਹਲ ਹਸਪਤਾਲ ਨੇ ਐਂਬੂਲੈਂਸ ਦੇਣ ਤੋਂ ਮਨ੍ਹਾ ਕੀਤਾ ਤਾਂ ਸੰਦੀਪ ਕੁਮਾਰ ਅਤੇ ਉਸ ਦੇ ਸਾਥੀ ਆਪਣੀ ਗੱਡੀ ਵਿੱਚ ਗੁਰਭੇਜ ਸਿੰਘ ਨੂੰ ਜਲੰਧਰ ਲਿਜਾ ਰਹੇ ਸਨ ਤਾਂ ਰਾਹ ਵਿੱਚ ਗੁਰਭੇਜ ਸਿੰਘ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਛੇ ਸੌ ਰੁਪਏ ਨਾ ਦੇਣ ਕਾਰਨ ਜੌਹਲ ਹਸਪਤਾਲ ਦੀ ਜ਼ਿਦ ਉੱਤੇ ਸਮੇਂ ਸਿਰ ਆਕਸੀਜਨ ਨਾ ਮਿਲਣ ਕਾਰਨ ਗੁਰਭੇਜ ਸਿੰਘ ਦੀ ਮੌਤ ਹੋਈ ਹੈ।

ਦੂਜੇ ਪਾਸੇ ਜੌਹਲ ਹਸਪਤਾਲ ਭੋਗਪੁਰ ਦੇ ਇੰਚਾਰਜ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮਰੀਜ਼ ਦੀ ਹਾਲਤ ਗੰਭੀਰ ਹੋਣ ਕਾਰਨ ਨਾ ਐਂਬੂਲੈਂਸ ਨੂੰ ਰੋਕਣ ਲਈ ਕਿਹਾ ਅਤੇ ਨਾ ਪੈਸਿਆਂ ਦੀ ਮੰਗ ਕੀਤੀ ਸੀ, ਸਿਰਫ ਉਨ੍ਹਾਂ ਨੂੰ ਆਪਣਾ ਮੋਬਾਈਲ ਨੰਬਰ ਦਰਜ ਕਰਵਾਉਣ ਲਈ ਆਖਿਆ ਸੀ।




# ਪੰਜਾਬ ’ਚ ਤਿੰਨ ਤਲਾਕ ਦਾ ਪਹਿਲਾ ਕੇਸ: ਕਾਰ ਨਾ ਦੇਣ ਉਤੇ ਪਤੀ ਨੇ ਪਤਨੀ ਨੂੰ ਛੱਡਿਆ

ਸਮਰਾਲਾ, 29 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਤਿੰਨ ਤਲਾਕ ਦਾ ਪਹਿਲਾ ਕੇਸ ਆਇਆ ਹੈ। ਲੁਧਿਆਣਾ ਜ਼ਿਲ੍ਹੇ ਦੇ ਥਾਣਾ ਸਮਰਾਲਾ ਵਿੱਚ ਆਈ ਪੀ ਸੀ ਦੀ ਧਾਰਾ 498 ਏ ਅਤੇ ਮੁਸਲਿਮ ਵੂਮੈਨ (ਪ੍ਰੋਟੈਕਸ਼ਨ ਆਫ ਰਾਈਟ ਆਨ ਮੈਰਿਜ) ਐਕਟ 2019 ਹੇਠ ਇਹ ਕੇਸ ਦਰਜ ਕੀਤਾ ਗਿਆ ਹੈ।

ਪਿੰਡ ਕੁੱਬੇ ਦੇ ਵਾਸੀ ਯੂਸੁਫ ਨੇ ਦੱਸਿਆ ਕਿ ਉਸ ਦੀ ਬੇਟੀ ਨਾਲ ਤਿੰਨ ਤਲਾਕ ਦੇ ਨਾਂਅ ਉੱਤੇ ਨਾ-ਇਨਸਾਫੀ ਹੋਈ ਹੈ, ਇਸ ਲਈ ਉਨ੍ਹਾਂ ਨੇ ਉਸ ਦੇ ਹੱਕ ਲਈ ਆਵਾਜ਼ ਉਠਾ ਕੇ ਕੇਸ ਦਰਜ ਕਰਾਇਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਤਿੰਨ ਬੇਟੇ ਅਤੇ ਤਿੰਨ ਬੇਟੀਆਂ ਹਨ। ਬੇਟੀਆਂ ਵਿੱਚੋਂ ਸਭ ਤੋਂ ਵੱਡੀ ਸ਼ਰੀਫਾਂ ਦਾ ਵਿਆਹ ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਚੰਬਾ ਦੇ ਵਸਨੀਕ ਗੁਲਜ਼ਾਰ ਨਾਲ ਕੀਤਾ ਸੀ ਤੇ ਮੁਕਲਾਵਾ (ਪਤਨੀ ਨੂੰ ਪਹਿਲੀ ਵਾਰ ਪੇਕਿਓਂ ਸਹੁਰੇ ਲੈ ਕੇ ਜਾਣ ਦੀ ਰਸਮ) 11 ਮਾਰਚ 2021 ਨੂੰ ਸੀ।ਉਨ੍ਹਾਂ ਨੇ ਕਿਹਾ ਕਿ ਮੁਕਲਾਵੇ ਵਾਲੇ ਦਿਨ ਲੜਕੇ ਵਾਲਿਆਂ ਨੇ ਨਵੀਂ ਆਲਟੋ ਕਾਰ ਦੀ ਮੰਗ ਰੱਖੀ ਤਾਂ ਉਹ ਇਸ ਮੰਗ ਨੂੰ ਪੂਰਾ ਨਹੀਂ ਕਰ ਸਕੇ ਅਤੇ ਲੜਕੇ ਵਾਲੇ ਮੁਕਲਾਵਾ ਲਏ ਬਿਨਾਂ ਚਲੇ ਗਏ। ਬਾਅਦ ਵਿੱਚ ਵਿਚੋਲੇ ਨੂਰ ਮੁਹੰਮਦ ਦੇ ਹੱਥ ਉਰਦੂ ਵਿੱਚ ਲਿਖਿਆ ਤਿੰਨ ਤਲਾਕ ਦਾ ਕਾਗਜ਼ ਭੇਜ ਦਿੱਤਾ।ਉਨ੍ਹਾਂ ਓਦੋਂ ਸੋਚ ਲਿਆ ਸੀ ਕਿ ਉਹ ਤਿੰਨ ਤਲਾਕ ਨੂੰ ਨਾ ਮੰਨ ਕੇ ਕਾਨੂੰਨ ਦਾ ਸਹਾਰਾ ਲੈਣਗੇ। ਉਸ ਪਿੱਛੋਂ ਉਹ ਆਪਣੀ ਬੇਟੀ ਸ਼ਰੀਫਾਂ ਨਾਲ ਕੇਸ ਦਰਜ ਕਰਾਉਣ ਲਈ ਨੌਂ ਮਹੀਨੇ ਘੁੰਮਦੇ ਰਹੇ ਤੇ ਉਨ੍ਹਾਂ ਨੂੰ ਕਈ ਵਾਰ ਥਾਣੇ ਜਾਣਾ ਪਿਆ। ਸ਼ਰੀਫਾਂ ਨੇ ਦੋਸ਼ ਲਾਇਆ ਕਿ ਉਸ ਨੂੰ ਤਿੰਨ ਤਲਾਕ ਦੇਣ ਪਿੱਛੋਂ ਗੁਲਜ਼ਾਰ ਨੇ ਆਪਣੀ ਭੂਆ ਦੀ ਬੇਟੀ ਨਾਲ ਨਿਕਾਹ ਕਰ ਲਿਆ ਹੈ। ਖੰਨਾ ਦੇ ਐਸ ਐਸ ਪੀ ਨੇ ਕਿਹਾ ਕਿ ਇਹ ਪੰਜਾਬ ਦਾ ਪਹਿਲਾ ਤਿੰਨ ਤਲਾਕ ਦਾ ਕੇਸ ਹੈ। ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਏਗਾ।

## ਪਰਵਾਰ ਦੇ ਚਾਰ ਜੀਆਂ ਦਾ 'ਹੈਪੀ ਬਰਥ ਡੇ'ਇੱਕੋ ਦਿਨ

ਕੰਨੂਰ, 29 ਮਈ (ਪੋਸਟ ਬਿਊਰੋ)- ਕੰਨੂਰ ਵਿੱਚ ਚਾਰ ਜੀਆਂ ਦਾ ਪਰਿਵਾਰ 25 ਮਈ ਨੂੰ ਆਪਣਾ ਜਨਮ ਦਿਨ ਮਨਾਉਂਦਾ ਹੈ। ਅਨੀਸ਼ ਕੁਮਾਰ 25 ਮਈ 1980 ਨੂੰ ਪੈਦਾ ਹੋਏ ਤੇ ਉਨ੍ਹਾਂ ਦੀ ਪਤਨੀ ਅਜੀਥਾ ਦਾ ਜਨਮ 25 ਮਈ 1987 ਨੂੰ ਹੋਇਆ ਸੀ, ਜੋ ਸਟਾਫ ਨਰਸ ਹੈ। ਉਨ੍ਹਾਂ ਦੇ ਬੱਚੇ ਆਰਾਧਿਆ ਅਤੇ ਅਗਨੇ ਦਾ ਜਨਮ 25 ਮਈ 2010 ਅਤੇ 2019 ਨੂੰ ਹੋਇਆ ਸੀ। ਅਨੀਸ਼ ਨੇ ਕਿਹਾ, ''ਜਦ ਮੇਰੇ ਪਰਵਾਰ ਨੇ ਸਾਡੇ ਵਿਆਹ ਲਈ ਸਾਡੀ ਕੁੰਡਲੀ ਮਿਲਾਈ ਤਾਂ ਮੈਨੂੰ ਪਤਾ ਲੱਗਾ ਕਿ ਮੇਰੀ ਪਤਨੀ ਦਾ ਜਨਮ ਦਿਨ ਉਹੋ ਹੈ। ਸਾਡੀ ਬੇਟੀ ਦੇ ਜਨਮ ਦਿਨ ਨੇ ਵੀ ਸਾਨੂੰ ਹੈਰਾਨ ਕਰ ਦਿੱਤਾ। ਡਾਕਟਰ ਨੇ ਡਲਿਵਰੀ ਦੀ ਤੈਅ ਤਰੀਕ 23 ਮਈ ਦੱਸੀ ਸੀ, ਪਰ ਹਸਪਤਾਲ ਭਰਤੀ ਹੋਣ ਦੇ ਇੱਕ ਦਿਨ ਬਾਅਦ ਲੇਬਰ ਪੇਨ ਨਹੀਂ ਹੋਈ। ਆਰਾਧਿਆ ਦਾ ਜਨਮ 25 ਮਈ ਨੂੰ ਹੋਇਆ।' ਦੂਸਰੇ ਬੱਚੇ ਦਾ ਜਨਮ ਵੀ 25 ਮਈ ਨੂੰ ਹੋਇਆ ਹੈ।

## ਬਹਿਸ ਮੁਕਾਉਣ ਗਏ ਬੰਦੇ ਦਾ ਗੋਲੀ ਮਾਰ ਕੇ ਕਤਲ, ਭਰਾ ਜ਼ਖਮੀ

ਨਵੀਂ ਦਿੱਲੀ, 29 ਮਈ (ਪੋਸਟ ਬਿਊਰੋ)- ਦੱਖਣੀ ਦਿੱਲੀ ਦੇ ਅੰਬੇਡਕਰ ਨਗਰ ਵਿੱਚ ਦੋ ਜਣਿਆਂ ਵਿੱਚ ਆਪਸੀ ਬਹਿਸ ਵਿੱਚ ਦਖਲ ਦੇਣ ਦੀ ਕੋਸ਼ਿਸ਼ ਦੌਰਾਨ ਇੱਕ ਵਿਅਕਤੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਤੇ ਉਸ ਦਾ ਭਰਾ ਜ਼ਖਮੀ ਹੋ ਗਿਆ। ਪੁਲਸ ਨੂੰ ਘਟਨਾ ਦੀ ਸੂਚਨਾ ਸ਼ੁੱਕਰਵਾਰ ਰਾਤ 11.38 ਵਜੇ ਮਿਲੀ। ਪੁਲਸ ਦੇ ਦੱਸਣ ਅਨੁਸਾਰ ਰੋਹਿਤ (27) ਅਤੇ ਗੁਲਸ਼ਨ (30) ਵਾਸੀ ਮਦਨਗੀਰ ਮੌਕੇ ਉੱਤੇ ਜ਼ਖਮੀ ਮਿਲੇ ਅਤੇ ਉਨ੍ਹਾਂ ਨੂੰ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਦੇ ਟਰਾਮਾ ਸੈਂਟਰ ਲਿਜਾਇਆ ਗਿਆ। ਓਥੇ ਇਲਾਜ ਦੌਰਾਨ ਗੁਲਸ਼ਨ ਦੀ ਮੌਤ ਹੋ ਗਈ। ਰੋਹਿਤ ਦਾ ਇਲਾਜ ਚੱਲ ਰਿਹਾ ਹੈ ਤੇ ਉਹ ਬਿਆਨ ਦੇਣ ਦੀ ਸਥਿਤੀ ਵਿੱਚ ਨਹੀਂ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਦੋ ਜਣਿਆਂ ਨਈਮ ਅਤੇ ਗੋਪਾਲ ਵਿਚਾਲੇ ਸ਼ਰਾਬ ਤੋਂ ਲੜਾਈ ਹੋਈ ਸੀ। ਰੋਹਿਤ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਅਤੇ ਹੰਗਾਮਾ ਸੁਣ ਕੇ ਉਸ ਦਾ ਵੱਡਾ ਭਰਾ ਗੁਲਸ਼ਨ ਵੀ ਉਥੇ ਪਹੁੰਚ ਗਿਆ। ਇਸ ਦੌਰਾਨ ਝਗੜਾ ਹੋ ਗਿਆ ਤੇ ਸੁਮਿਤ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਰੋਹਿਤ ਅਤੇ ਗੁਲਸ਼ਨ ਦੋਵੇਂ ਜ਼ਖਮੀ ਹੋ ਗਏ। ਸੁਮਿਤ (24) ਵਾਸੀ ਮਦਨਗੀਰ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ ਹਥਿਆਰ ਬਰਾਮਦ ਕੀਤਾ ਗਿਆ ਹੈ। ਉਹ ਪਹਿਲਾਂ ਵੀ ਅਸਲਾ ਐਕਟ ਦੇ ਦੋ ਕੇਸਾਂ ਵਿੱਚ ਸ਼ਾਮਲ ਸੀ। ਘਟਨਾ ਵਿੱਚ ਸ਼ਾਮਲ ਉਸ ਦੇ ਦੋ ਸਾਥੀਆਂ ਦੀ ਪਛਾਣ ਗੋਪਾਲ ਅਤੇ ਸਾਹਿਲ ਵਜੋਂ ਹੋਈ ਹੈ।

# ਦਿਵਿਆਂਗ ਨੂੰ ਨਾ ਚੜ੍ਹਾਉਣ ਕਾਰਨ ਇੰਡੀਗੋ ਨੂੰ ਪੰਜ ਲੱਖ ਦਾ ਜੁਰਮਾਨਾ




ਰਾਂਚੀ, 29 ਮਈ (ਪੋਸਟ ਬਿਊਰੋ)- ਝਾਰਖੰਡ ਦੀ ਰਾਜਧਾਨੀ ਰਾਂਚੀ ਦੇ ਏਅਰਪੋਰਟ ਉੱਤੇ ਇੱਕ ਅਪਾਹਜ (ਦਿਵਿਆਂਗ) ਬੱਚੇ ਨੂੰ ਫਲਾਈਟ ਵਿੱਚ ਨਾ ਬਿਠਾਉਣ ਬਦਲੇ ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀ ਜੀ ਸੀ ਏ) ਨੇ ਹਵਾਈ ਕੰਪਨੀ ਇੰਡੀਗੋ ਉੱਤੇ ਪੰਜ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ।

ਡੀ ਜੀ ਸੀ ਏ ਨੇ ਕਿਹਾ ਹੈ ਕਿ ਸੱਤ ਮਈ ਨੂੰ ਰਾਂਚੀ ਹਵਾਈ ਅੱਡੇ ਉੱਤੇਅਪਾਹਜ ਬੱਚੇ ਨਾਲ ਇੰਡੀਗੋ ਦੇ ਸਟਾਫ ਦਾ ਵਿਹਾਰ ਗਲਤ ਸੀ। ਇਸ ਤੋਂ ਪਹਿਲਾਂ ਡੀ ਜੀ ਸੀ ਏ ਦੀ ਫੈਕਟ ਫਾਈਂਡਿੰਗ ਕਮੇਟੀ ਨੇ ਇੰਡੀਗੋ ਦੇ ਸਟਾਫ ਨੂੰ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਪਾਇਆ ਅਤੇ ਕੰਪਨੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ।ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿਤਿਆ ਸਿੰਧੀਆ ਨੇ ਇਨ੍ਹਾਂ ਰਿਪੋਰਟਾਂ ਪਿੱਛੋਂ ਯੋਗ ਕਾਰਵਾਈ ਦਾ ਵਾਅਦਾ ਕੀਤਾ ਸੀ। ਸਿੰਧੀਆ ਨੇ ਕਿਹਾ ਸੀ ਕਿ ਏਅਰਲਾਈਨ ਸਟਾਫ ਵੱਲੋਂ ਏਦਾਂ ਦੇ ਵਿਤਕਰੇ ਵਾਲੇ ਰਵੱਈਏ ਲਈ ਜ਼ੀਰੋ ਟਾਲਰੈਂਸ ਹੈ।

ਵਰਨਣ ਯੋਗ ਹੈ ਕਿ ਘਟਨਾ ਦੇ ਸਮੇਂ ਮੌਜੂਦ ਇੱਕ ਯਾਤਰੀ ਨੇ ਟਵੀਟ ਕੀਤਾ ਸੀ ਕਿ ਰਾਂਚੀ ਹਵਾਈ ਅੱਡੇ ਉੱਤੇ ਇੰਡੀਗੋ ਏਅਰਲਾਈਨਜ਼ ਦੇ ਇੱਕ ਪ੍ਰਤੀਨਿਧ ਨੇ ਇੱਕ ਅਪਾਹਜ ਬੱਚੇ ਅਤੇ ਉਸ ਦੇ ਮਾਤਾ-ਪਿਤਾ ਨੂੰ ਜਹਾਜ਼ ਵਿੱਚ ਨਹੀਂ ਚੜ੍ਹਨ ਦਿੱਤਾ। ਫਰਵਾਰਅਤੇ ਹੋਰ ਯਾਤਰੀਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਪ੍ਰਤੀਨਿਧੀ ਦੀ ਉਨ੍ਹਾਂ ਨਾਲ ਤੂੰ-ਤੂੰ, ਮੈਂ-ਮੈਂ ਹੋ ਗਈ। ਬੱਚਾ ਬੋਰਡਿੰਗ ਗੇਟ ਉੱਤੇ ਆਉਣ ਉੱਤੇ ਕਾਫੀ ਘਬਰਾ ਗਿਆ ਤੇ ਡਰ ਗਿਆ। ਉਸ ਦੇ ਮਾਤਾ-ਪਿਤਾ ਨੇ ਬੱਚੇ ਨੂੰ ਕੁਝ ਖਾਣ ਨੂੰ ਦਿੱਤਾ ਅਤੇ ਉਸ ਨੂੰ ਕੰਟਰੋਲ ਕਰ ਲਿਆ, ਪਰ ਬੋਰਡਿੰਗ ਸਮੇਂ ਇੰਡੀਗੋ ਦੇ ਇੱਕ ਸਟਾਫ ਨੇ ਪਰਵਾਰ ਨੂੰ ਚਿਤਾਵਨੀ ਦਿੱਤੀ ਕਿ ਬੱਚੇ ਨੂੰ ਉਦੋਂ ਤਕ ਜਹਾਜ਼ ਵਿੱਚ ਚੜ੍ਹਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ, ਜਦੋਂ ਤਕ ਕਿ ਉਹ ਸਾਧਾਰਨ ਰੂਪ ਵਿੱਚ ਵਿਹਾਰ ਨਹੀਂ ਕਰਦਾ।ਇੰਡੀਗੋ ਦੇ ਇੱਕ ਪ੍ਰਬੰਧਕ ਨੇ ਐਲਾਨ ਕੀਤਾ ਕਿ ਵਿਸ਼ੇਸ਼ ਰੂਪ ਵਿੱਚ ਅਪਾਹਜ ਬੱਚਾ ਇੱਕ ਉਡਾਣ ਲਈ ਖਤਰਾ ਹੈ,ਜਿਸ ਦੀ ਹਾਲਤ ਦੀ ਤੁਲਨਾ ਸ਼ਰਾਬੀ ਯਾਤਰੀਆਂ ਨਾਲ ਕੀਤੀ। ਸਾਥੀ ਮੁਸਾਫਰਾਂ ਦੇ ਦੱਸਣ ਅਨੁਸਾਰ ਉਸ ਫਲਾਈਟ ਵਿੱਚ ਰਾਂਚੀ ਤੋਂ ਹੈਦਰਾਬਾਦ ਇੱਕ ਡਾਕਟਰ ਵੀ ਜਾ ਰਿਹਾ ਸੀ, ਪੂਰੀ ਗੱਲ ਸਮਝਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਜੇ ਉਡਾਣ ਵਿੱਚ ਕੋਈ ਮੁਸ਼ਕਲ ਹੋਈ ਤਾਂ ਉਹ ਮੱਦਦ ਕਰਨਗੇ। ਇੰਡੀਗੋ ਦੀ ਫਲਾਈਟ ਨੇ ਬੱਚੇ ਅਤੇ ਉਸ ਦੇ ਮਾਤਾ-ਪਿਤਾ ਤੋਂ ਬਿਨਾਂ ਹੀ ਉਡਾਣ ਭਰ ਲਈ। ਇਸ ਘਟਨਾ ਪਿੱਛੋਂ9 ਮਈ ਨੂੰ ਇੰਡੀਗੋ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਬੱਚੇ ਨੂੰ ਜਹਾਜ਼ ਵਿੱਚ ਇਸ ਲਈ ਸਵਾਰ ਨਹੀਂ ਹੋਣ ਦਿੱਤਾ ਕਿ ਉਹ ਸਪੱਸ਼ਟ ਰੂਪ ਵਿੱਚ ਘਬਰਾਇਆ ਹੋਇਆ ਸੀ।ਬੱਚੇ ਨੂੰ ਰਾਂਚੀ ਤੋਂ ਹੈਦਰਾਬਾਦ ਜਾ ਰਹੇ ਜਹਾਜ਼ ਵਿੱਚ ਸਵਾਰ ਹੋਣ ਦੀ ਆਗਿਆ ਨਾ ਦਿੱਤੇ ਜਾਣ ਤੋਂ ਬਾਅਦ ਉਸ ਦੇ ਮਾਤਾ-ਪਿਤਾ ਨੇ ਵੀ ਜਹਾਜ਼ ਵਿੱਚ ਨਾ ਬੈਠਣ ਦਾ ਫੈਸਲਾ ਕੀਤਾ ਸੀ।

# ਭਾਰਤ ਵਿੱਚ ਪਿਛਲੇ ਸਾਲ 2.30 ਲੱਖ ਨਕਲੀ ਨੋਟ ਫੜੇ ਗਏ



ਨਵੀਂ ਦਿੱਲੀ, 29 ਮਈ (ਪੋਸਟ ਬਿਊਰੋ)- ਕੋਰੋਨਾ ਕਾਲ ਬੀਤਣ ਪਿੱਛੋਂ ਨਕਲੀ ਨੋਟ ਖਪਾਉਣ ਵਾਲੇ ਜਾਅਲਸਾਜ਼ ਫਿਰ ਸਰਗਰਮ ਹੋ ਗਏ ਹਨ। ਇਸ ਦੇ ਸੰਕੇਤ ਆਰ ਬੀ ਆਈ (ਰਿਜ਼ਰਵ ਬੈਂਕ ਆਫ ਇੰਡੀਆ) ਦੀ ਸਾਲਾਨਾ ਰਿਪੋਰਟ ਵਿੱਚ ਮਿਲਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸਾਲ 2021-22 ਵਿੱਚ ਕੁੱਲ 2.30 ਲੱਖ ਨਕਲੀ ਨੋਟ ਫੜੇ ਗਏ ਸਨ, ਜਦ ਕਿ ਇੱਕ ਸਾਲ ਪਹਿਲਾਂ ਯਾਨੀ 2020-21 ਵਿੱਚ 2.08 ਲੱਖ ਨਕਲੀ ਨੋਟ ਫੜੇ ਗਏ ਸਨ।

ਉਂਜ ਇਹ ਕਿਹਾ ਗਿਆ ਹੈ ਕਿ ਕੋਰੋਨਾ ਤੋਂ ਪਹਿਲਾਂ ਦੇ ਮੁਕਾਬਲੇ ਫਿਲਹਾਲ ਸਥਿਤੀ ਚੰਗੀ ਹੈ। ਉਸ ਵੇਲੇ (ਸਾਲ 2019-20) ਵਿੱਚ 2.97 ਲੱਖ ਨਕਲੀ ਨੋਟ ਫੜੇ ਗਏ ਸਨ। ਸੁਰੱਖਿਆ ਏਜੰਸੀਆਂ ਦੇ ਅਫਸਰ ਦੱਸਦੇ ਹਨ ਕਿ ਕੋਰੋਨਾ ਕਾਲ ਦੇ ਬਾਅਦ ਪਾਕਿਸਤਾਨ ਵੱਲੋਂ ਭਾਰਤ ਵਿੱਚ ਨਕਲੀ ਨੋਟ ਭੇਜਣ ਦੀਆਂ ਗਤੀਵਿਧੀਆਂ ਉੱਤੇ ਰੋਕ ਲੱਗ ਗਈ ਹੈ, ਪਰ ਇਸ ਵੇਲੇ ਘਰੇਲੂ ਪੱਧਰ ਉੱਤੇ ਜਾਅਲਸਾਜ਼ ਜ਼ਿਆਦਾ ਸਰਗਰਮ ਹੋ ਗਏ ਹਨ।ਆਰ ਬੀ ਆਈ ਨੇ ਨਕਲੀ ਨੋਟਾਂ ਬਾਰੇ ਜੋ ਅੰਕੜੇ ਜਾਰੀ ਕੀਤੇ ਹਨ, ਉਹ ਕਈ ਇਸ਼ਾਰੇ ਕਰਦੇ ਹਨ।ਇਕ ਤੱਥ ਇਹ ਹੈ ਕਿ ਸਿਸਟਮ ਵਿੱਚ ਪੰਜ ਸੌ ਰੁਪਏ ਦੇ ਨੋਟਾਂ ਦਾ ਰੁਝਾਨ ਵਧਦਾ ਦੇਖ ਕੇ ਜਾਅਲਸਾਜ਼ਾਂ ਨੇ ਵੀ ਪੰਜ ਸੌ ਦੇ ਨਕਲੀ ਨੋਟਾਂਵੱਲ ਧਿਆਨ ਵਧਾਇਆ ਹੈ। ਸਾਲ 2020-21 ਵਿੱਚ ਪੰਜ ਸੌ ਦੇ 39,443 ਨੋਟ ਫੜੇ ਗਏ, ਜਦ ਕਿ ਸਾਲ 2021-22 ਵਿੱਚ 79,669 ਨਕਲੀ ਨੋਟ ਆਏ ਸਨ, ਯਾਨੀ 100 ਫੀਸਦੀ ਤੋਂ ਵੱਧ। ਅੱਗੋਂਆਰ ਬੀ ਆਈ 2000 ਦੇ ਨੋਟਾਂਦੀ ਗਿਣਤੀ ਘਟਾ ਰਿਹਾ ਹੈ। ਦੂਸਰੇ ਪਾਸੇ ਨਕਲੀ ਨੋਟਾਂ ਦੀ ਗਿਣਤੀ ਵਿੱਚ 54.6 ਫੀਸਦੀ ਵਾਧਾ ਹੋਇਆ ਹੈ। 2021-22 ਵਿੱਚ 2000 ਦੇ ਨਕਲੀ ਨੋਟਾਂ ਦੀ ਗਿਣਤੀ 13,604 ਰਹੀ ਹੈ, ਜੋ ਇਸ ਤੋਂ ਪਿਛਲੇ ਸਾਲ 8709 ਸੀ। ਜਦ ਇਹ ਨੋਟ ਜਾਰੀ ਕੀਤੇ ਗਏ ਸਨ ਤਾਂ ਦਾਅਵਾ ਕੀਤਾ ਗਿਆ ਸੀ ਕਿ ਇਨ੍ਹਾਂ ਦੀ ਨਕਲ ਕਰਨਾ ਮੁਸ਼ਕਲ ਹੈ। ਇਸ ਪਿੱਛੋਂ 100 ਅਤੇ ਪੰਜਾਹ ਰੁਪਏ ਦੇ ਨਕਲੀ ਨੋਟਾਂ ਦੀ ਗਿਣਤੀ ਪਹਿਲਾਂ ਨਾਲੋਂ ਘਟੀ ਹੈ, ਪਰ ਫੜੇ ਗਏ ਨਕਲੀ ਨੋਟਾਂ ਦਾ ਮੂਲ ਰੁਝਾਨ ਮੌਜੂਦਾ ਨੋਟਾਂ ਦੇ ਮੁੱਲ ਦੀ ਤੁਲਨਾ ਵਿੱਚ ਬਹੁਤ ਘੱਟ ਹੈ।

## ਮਮਤਾ ਬੈਨਰਜੀ ਦੇ ਮੰਤਰੀ ਨੇ 25 ਰਿਸ਼ਤੇਦਾਰਾਂ ਨੂੰ ਨੌਕਰੀ ਦਿਵਾ ਲਈ



ਕੋਲਕਾਤਾ, 29 ਮਈ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਸਿੱਖਿਆ ਰਾਜ ਮੰਤਰੀ ਪਰੇਸ਼ ਅਧਿਕਾਰੀ ਉੱਤੇ ਦੋਸ਼ ਲੱਗਾਹੈ ਕਿ ਉਸ ਨੇ ਸੱਤਾ ਦੀ ਦੁਰਵਰਤੋਂ ਕਰ ਕੇ ਆਪਣੀ ਬੇਟੀ ਅਤੇ ਆਪਣੇ ਪਰਵਾਰ ਅਤੇ ਰਿਸ਼ਤੇਦਾਰੀ ਨਾਲ ਜੁੜੇ ਕਰੀਬ 25 ਮੈਂਬਰਾਂ ਨੂੰ ਸਰਕਾਰੀ ਨੌਕਰੀ ਦਿਵਾ ਲਈ ਹੈ। ਭਾਜਪਾ ਨੇ ਦੋਸ਼ਲਾਇਆ ਹੈ ਕਿ ਉਹ ਖੱਬੇ ਪੱਖੀ ਸਰਕਾਰ ਵੇਲੇ ਤੋਂ ਹੀ ਆਪਣੇ ਰਿਸ਼ਤੇਦਾਰਾਂ ਨੂੰ ਨੌਕਰੀ ਦਿਵਾਉਂਦੇ ਆ ਰਹੇ ਹਨ।

ਤਰਨਣ ਯੋਗ ਹੈ ਕਿ ਪਰੇਸ਼ ਅਧਿਕਾਰੀ ਖੁਦ ਪ੍ਰਾਇਮਰੀ ਸਕੂਲ ਵਿੱਚ ਟੀਚਰ ਹੁੰਦੇ ਸਨ। ਉਸ ਦੀ ਪਤਨੀ ਮੀਰਾ ਅਧਿਕਾਰੀ ਸਿਹਤ ਵਿਭਾਗ ਵਿੱਚ ਹੈ। ਬੇਟਾ ਨਿੱਜੀ ਮੈਡੀਕਲ ਕਾਲਜ ਵਿੱਚ ਡਾਕਟਰੀ ਦੀ ਪੜ੍ਹਾਈ ਕਰ ਕੇ ਇੱਕ ਸਰਕਾਰੀ ਸਿਹਤ ਕੇਂਦਰ ਵਿੱਚ ਨੌਕਰੀ ਕਰ ਰਿਹਾ ਹੈ। ਮੰਤਰੀ ਦੇ ਇੱਕ-ਦੋ ਰਿਸ਼ਤੇਦਾਰਾਂ ਨੂੰ ਹੀ ਯੋਗਤਾ ਕਾਰਨ ਨੌਕਰੀ ਮਿਲੀ ਸੀ। ਇਸ ਮੰਤਰੀ ਵੱਲੋਂ ਹੇਰਾਫੇਰੀ ਨਾਲ ਆਪਣੀ ਬੇਟੀ ਨੂੰ ਨੌਕਰੀ ਦਿਵਾਉਣ ਦਾ ਮਾਮਲਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ ਅਤੇ ਸੀ ਬੀ ਆਈ ਇਸ ਦੀ ਜਾਂਚ ਕਰ ਰਹੀ ਹੈ। ਬੇਟੀ ਨੂੰ ਹਾਈ ਕੋਰਟ ਦੇ ਹੁਕਮ ਉੱਤੇ ਨੌਕਰੀ ਤੋਂ ਹਟਾਇਆ ਗਿਆ ਹੈ। ਇਹ ਦੀ ਦੋਸ਼ ਲਾਏ ਜਾ ਰਹੇ ਹਨ ਕਿ ਪਰੇਸ਼ ਜਦ ਖੱਬੇ ਪੱਖੀ ਸਰਕਾਰ ਵਿੱਚ ਮੰਤਰੀ ਸੀ ਤਾਂ ਉਸਦੇ ਤਿੰਨ ਭਰਾਵਾਂ ਨੂੰ ਨੌਕਰੀ ਮਿਲੀ ਸੀ ਅਤੇ ਉਸ ਦੀ ਇੱਕ ਭਰਜਾਈ ਵੀ ਸਿਹਤ ਵਿਭਾਗ ਵਿੱਚ ਅਤੇ ਭਤੀਜੀ ਪ੍ਰਾਇਮਰੀ ਸਕੂਲ ਵਿੱਚ ਦੀ ਟੀਚਰ ਹੈ। ਉਨ੍ਹਾਂ ਦੇ ਇੱਕ ਭਰਾ ਦੇ ਚਾਰ ਪੁੱਤਰਾਂ ਵਿੱਚੋਂ ਇੱਕ ਕਾਲਜ ਵਿੱਚ ਕਲਰਕ ਅਤੇ ਤਿੰਨ ਫੂਡ ਸਪਲਾਈ ਵਿਭਾਗ ਵਿੱਚ ਹਨ। ਇੱਕ ਹੋਰ ਭਰਾ ਦੇ ਦੋ ਪੁੱਤਰ ਅਤੇ ਧੀ ਸਕੂਲ ਵਿੱਚ ਤੈਨਾਤ ਹਨ। ਇੱਕ ਹੋਰ ਭਤੀਜੀ ਸਕੂਲ ਵਿੱਚ ਕਲਰਕ ਸੀ। ਪਰੇਸ਼ ਦੇ ਮਾਮੇ ਦਾ ਪੁੱਤਰ ਖੇਤੀਬਾੜੀ ਵਿਭਾਗ ਵਿੱਚ ਹੈ ਤੇ ਫੁਫੇਰਾ ਭਰਾ ਪ੍ਰਾਇਮਰੀ ਸਕੂਲ ਟੀਚਰ ਹੈ। ਫੁਫੇਰੇ ਭਰਾ ਦੀਆਂ ਦੋ ਧੀਆਂ ਸਕੂਲ ਟੀਚਰ ਹਨ। ਮੰਤਰੀ ਦੇ ਦੋਹਤੇ-ਪੋਤਰੇ ਵੀ ਸਰਕਾਰੀ ਨੌਕਰੀ ਕਰਦੇ ਹਨ। ਕੁਝ ਫੂਡ ਸਪਲਾਈ ਵਿਭਾਗ ਵਿੱਚ ਤੇ ਕੁਝ ਸਕੂਲਾਂ ਵਿੱਚ ਹਨ। ਕੂਚਬਿਹਾਰ ਜ਼ਿਲ੍ਹੇ ਦੇ ਭਾਜਪਾ ਨੇਤਾ ਬਿਰਾਜ ਬਸੂ ਨੇ ਦੋਸ਼ ਲਾਇਆ ਕਿ ਪਰੇਸ਼ ਅਧਿਕਾਰੀ ਨੇ ਆਪਣੇ ਪਰਵਾਰ ਤੇ ਰਿਸ਼ਤੇਦਾਰਾਂ ਦੇ ਕਰੀਬ 25 ਮੈਂਬਰਾਂ ਨੂੰ ਸਰਕਾਰੀ ਨੌਕਰੀ ਉੱਤੇ ਲਗਾਇਆ ਹੈ।

# ਹਾਈ ਕੋਰਟ ਵੱਲੋਂ ਰਾਖਵਾਂ ਰੱਖਿਆ ਫੈਸਲਾ ਸੁਣਾਉਣ ਤਕ ਸਜ਼ਾ ਪੂਰੀ ਹੋ ਗਈ




ਨਵੀਂ ਦਿੱਲੀ, 29 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਡਰੱਗਸ ਤਸਕਰੀ ਕੇਸ ਵਿੱਚ ਸਜ਼ਾ ਖਿਲਾਫ ਅਪੀਲ ਉੱਤੇ ਸੁਣਵਾਈ ਕਰ ਕੇ ਫੈਸਲਾ ਰਾਖਵਾਂ ਰੱਖ ਲਿਆ ਅਤੇ ਫਿਰ ਸੁਣਾਉਣਾ ਭੁੱਲ ਗਈ। ਨਤੀਜਾ ਇਹ ਹੋਇਆ ਕਿ ਇੱਕ ਦੋਸ਼ੀ ਦੀ ਸਜ਼ਾ ਪੂਰੀ ਹੋ ਗਈ, ਪਰ ਫੈਸਲਾ ਨਹੀਂ ਆਇਆ। ਦੋ ਹੋਰ ਦੋਸ਼ੀਆਂ ਦੀ ਸਜ਼ਾ ਵੀ ਜੂਨ ਵਿੱਚ ਪੂਰੀ ਹੋਣ ਵਾਲੀ ਹੈ। ਦੋਸ਼ੀਆਂ ਨੇ ਕੋਰਟ ਨੂੰ ਫੈਸਲਾ ਸੁਣਾਉਣ ਬਾਰੇ ਕਈ ਵਾਰ ਅਪੀਲ ਵੀ ਕੀਤੀ, ਪਰ ਗੱਲ ਨਹੀਂ ਸੀ ਬਣੀ।

ਇਸ ਮਾਮਲੇ ਵਿੱਚ ਦਿੱਲੀ ਹਾਈ ਕੋਰਟ ਦੇ ਰਿਟਾਇਰਡ ਜਸਟਿਸ ਐਸ ਐਨ ਢੀਂਗਰਾ ਨੇ ਕਿਹਾ ਕਿ ਇਹ ਪੂਰਾ ਕੇਸ'ਜਸਟਿਸ ਡਿਲੇਅ' ਦਾ ਨਹੀਂ, 'ਜਸਟਿਸ ਕ੍ਰਸ਼ਡ' ਦਾ ਹੈ, ਅਰਥਾਤ ਮਾਮਲਾ ਦੇਰੀ ਵਾਲਾ ਨਹੀਂ, ਨਿਆਂ ਦੇ ਕੁਚਲੇ ਜਾਣ ਦਾ ਹੈ। ਇਹ ਕੇਸ ਦਿੱਲੀ ਦੇ ਮੁਨੀਰਕਾ ਦੀ ਆਇਸ਼ਾ, ਉਤਮ ਨਗਰ ਦੇ ਉਦੈ ਸਟੇਨਲੀ ਛਿਦੀ ਤੇ ਨਾਈਜੀਰੀਆਈ ਨਾਗਰਿਕ ਸਟੀਫਨ ਦਾ ਹੈ। ਇਨ੍ਹਾਂ ਤਿੰਨਾਂ ਨੂੰ ਦਿੱਲੀ ਦੇ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਦੋ ਸਾੜੀਆਂ ਵਿੱਚ 250 ਗਰਾਮ ਹੈਰੋਇਨ ਲੁਕਾ ਕੇ ਕੋਰੀਅਰ ਰਾਹੀਂ ਦੱਖਣੀ ਅਫਰੀਕਾ ਭੇਜਣ ਦੇ ਦੋਸ਼ ਵਿੱਚ 19 ਅਪ੍ਰੈਲ 2012 ਨੂੰ ਗ੍ਰਿਫਤਾਰ ਕੀਤਾ ਸੀ। ਹੇਠਲੀ ਅਦਾਲਤ ਨੇ ਤਿੰਨਾਂ ਨੂੰ 18 ਨਵੰਬਰ 2015 ਨੂੰ ਐਨ ਡੀ ਪੀ ਐਸ ਐਕਟ ਹੇਠ 10 ਸਾਲ ਕੈਦ ਅਤੇ ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਜੁਰਮਾਨਾ ਨਾ ਭਰਨ ਉੱਤੇ ਦੋ ਮਹੀਨੇ ਵਾਧੂ ਕੈਦ ਦੀ ਸਜ਼ਾ ਦਿੱਤੀ ਸੀ। ਉਕਤ ਫੈਸਲੇ ਨੂੰ ਤਿੰਨਾਂ ਨੇ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਦੋਸ਼ੀਆਂ ਦੇ ਵਕੀਲ ਨੇ ਦੱਸਿਆ ਕਿ ਹਾਈ ਕੋਰਟ ਦੀ ਜਸਟਿਸ ਮੁਕਤਾ ਗੁਪਤਾ ਦੀ ਅਗਵਾਈ ਵਾਲੀ ਬੈਂਚ ਨੇ ਦੋਸ਼ੀਆਂ ਦੀਆਂ ਅਪੀਲਾਂਦੀ ਸੁਣਵਾਈ ਪੂਰੀ ਕਰ ਕੇ 13 ਅਗਸਤ 2021 ਨੂੰ ਫੈਸਲਾ ਰਾਖਵਾਂ ਰੱਖਿਆ, ਪਰ ਸੁਣਾਇਆ ਹੀ ਨਹੀਂ। ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਫੈਸਲਾ ਰਾਖਵਾਂ ਰੱਖਣ ਦੇ ਦੋ ਮਹੀਨੇ ਅੰਦਰ ਫੈਸਲਾ ਸੁਣਾਉਣਾ ਚਾਹੀਦਾ ਹੈ। ਕਿਸੇ ਕਾਰਨ ਦੇਰੀ ਹੋਣ ਉੱਤੇ ਦੂਸਰੀ ਬੈਂਚ ਵਿੱਚ ਕੇਸ ਜਾ ਸਕਦਾ ਹੈ।ਇਸ ਕੇਸ ਵਿੱਚ ਦਿੱਲੀ ਹਾਈ ਕੋਰਟ ਤੇ ਤਿਹਾੜ ਜੇਲ੍ਹ ਵਿੱਚ ਦਿੱਤੀ ਇੱਕ ਆਰ ਟੀ ਆਈ ਅਰਜ਼ੀ ਦੇ ਜਵਾਬ ਵਿੱਚ ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਦੱਸਿਆ ਕਿ ਆਇਸ਼ਾ ਦੀ ਸਜ਼ਾ ਵੀਹ ਅਪ੍ਰੈਲ 2022 ਨੂੰ ਪੂਰੀ ਹੋ ਗਈ ਸੀ, ਪਰ ਉਸ ਨੇ ਇੱਕ ਲੱਖ ਰੁਪਏ ਦਾ ਜੁਰਮਾਨਾ ਜਮ੍ਹਾਂ ਨਹੀਂ ਕਰਾਇਆ, ਇਸ ਲਈ ਦੋ ਮਹੀਨੇ ਵਾਧੂ ਕੈਦ ਕੱਟ ਰਹੀ ਹੈ। ਉਸ ਨੂੰ ਵੀਹ ਜੂਨ ਨੂੰ ਰਿਹਾਅ ਕਰ ਦਿੱਤਾ ਜਾਏਗਾ। ਸਟੀਫਨ ਦੀ ਸਜ਼ਾ ਵੀ ਵੀਹ ਜੂਨ ਨੂੰ ਪੂਰੀ ਹੋਵੇਗੀ। ਉਦੈ ਸਟੇਨਲੀ ਛਿਧੀ ਦੀ ਸਜ਼ਾ ਵੀਹ ਅਗਸਤ ਨੂੰ ਪੂਰੀ ਹੋਵੇਗੀ। ਜੇ ਉਸ ਨੇ ਜੁਰਮਾਨਾ ਨਾ ਭਰਿਆ ਤਾਂ ਉਸ ਨੂੰ ਦੋ ਮਹੀਨੇ ਵਾਧੂ ਕੈਦ ਭੁਗਤਣੀ ਪਵੇਗੀ। ਉਸ ਦੀ ਅਪੀਲ ਉੱਤੇ ਵੀ ਹਾਈ ਕੋਰਟ ਨੇ ਫੈਸਲਾ ਰਾਖਵਾਂ ਰੱਖਿਆ ਹੋਇਆ ਹੈ।

## ਪੁਲਾੜ ਵਿੱਚ ਇੰਨੇ ਸੈਟੇਲਾਈਟ ਭੇਜੇ ਕਿ ਓਥੇ ਵੀ ਭੀੜ ਹੋ ਗਈ

ਕੈਲੀਫੋਰਨੀਆ, 29 ਮਈ (ਪੋਸਟ ਬਿਊਰੋ)- ਕਿਸੇ ਮਹਾਨਗਰ ਦੇ ਟਰੈਫਿਕ ਸਿਗਨਲ ਉੱਤੇ ਰੁਕੀਆਂ ਹੋਈਆਂ ਗੱਡੀਆਂ ਦੀ ਕਲਪਨਾ ਕਰੀਏ ਤਾਂ ਦੂਰ ਤਕ ਲਾਈਨ ਨਜ਼ਰ ਆਉਂਦੀ ਹੈ। ਇਹੀ ਸਥਿਤੀ ਪੁਲਾੜ ਦੀ ਹੋਈ ਜਾਪਦੀ ਹੈ।

ਪਿਛਲੇ ਕੁਝ ਸਾਲਾਂ ਵਿੱਚ ਛੱਡੇ ਗਏ ਸੈਟੇਲਾਈਟਸ ਦੇ ਕਾਰਨ ਪੁਲਾੜ ਵਿਗਿਆਨੀ ਮੁਸ਼ਕਲ ਵਿੱਚ ਹਨ। ਉਹ ਰਾਤ ਨੂੰ ਤਾਰਿਆਂ ਅਤੇ ਗ੍ਰਹਿਆਂ ਨੂੰ ਦੇਖਣ ਦੀ ਕੋਸ਼ਿਸ਼ ਕਰਦੇ ਹਨ, ਪਰ ਸੈਟੇਲਾਈਟ ਦੀ ਚਮਕ ਵਿੱਚ ਧੁੰਦਲਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਟੈਲੀਸਕੋਪ ਨਾਲ ਲਈਆਂ ਫੋਟੋ ਵਿੱਚ ਰੌਸ਼ਨੀ ਦੀ ਲਾਈਨ ਦਿਸਦੀ ਹੈ। ਕੈਲੀਫੋਰਨੀਆ ਦੀ ਸਪੇਸਐਕਸ ਕੰਪਨੀ ਨੇ ਤਿੰਨ ਸਾਲ ਪਹਿਲਾਂ ਸੈਟੇਲਾਈਟ ਸਟਾਰਲਿੰਕ ਛੱਡਿਆ ਸੀ। ਉਦੋਂ ਤੋਂ ਕਈ ਸਟਾਰਲਿੰਕ ਲਾਂਚ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 2300 ਤੋਂ ਵੱਧ ਅੱਜ ਤੱਕ ਵੀ ਧਰਤੀ ਦੀ ਕਲਾਸ ਵਿੱਚ ਘੁੰਮੀ ਜਾਂਦੇ ਹਨ। ਇਹ ਗਿਣਤੀ ਸਾਰੇ ਸਰਗਰਮ ਸੈਟੇਲਾਈਟਾਂ ਦੀ ਗਿਣਤੀ ਤੋਂ ਅੱਧੀ ਹੈ। ਤਾਜ਼ਾ ਖੋਜ ਮੁਤਾਬਕ ਅਗਲੇ ਸਮੇਂ ਵਿੱਚ ਆਕਾਸ਼ ਵਿੱਚ ਸੈਟੇਲਾਈਟਸ ਦੀ ਭੀੜ 50 ਡਿਗਰੀ ਦੱਖਣ ਅਤੇ 50 ਡਿਗਰੀ ਉਤਰ ਵਿੱਚ ਸਭ ਤੋਂ ਵੱਧ ਦਿਸੇਗੀ, ਜਿੱਥੇ ਯੂਰਪੀਅਨ ਤੇ ਕੈਨੇਡੀਆਈ ਪੁਲਾੜ ਵਿਗਿਆਨੀ ਆਕਾਸ਼ਗੰਗਾ ਦੇਖਣ ਲਈ ਸਭ ਤੋਂ ਵੱਧ ਇਕੱਠੇ ਹੁੰਦੇ ਹਨ। ਜੇ ਸਪੇਸ ਐਕਸ ਅਤੇ ਦੂਸਰੀਆਂ ਕੰਪਨੀਆਂ ਯੋਜਨਾ ਦੀ ਅਨੁਸਾਰ ਅਗਲੇ ਸਮੇਂ ਵਿੱਚ 65 ਹਜ਼ਾਰ ਸੈਟੇਲਾਈਟ ਭੇਜਦੀਆਂ ਹਨ ਤਾਂ ਸਾਰੀ ਰਾਤ ਪੂਰੇ ਆਕਾਸ਼ ਵਿੱਚ ਚਮਕਦੇ ਬਿੰਦੂ ਦਿਖਾਈ ਦੇਣਗੇ ਅਤੇ ਸੂਰਜ ਚੜ੍ਹਨ ਅਤੇ ਸੂਰਜ ਡੁਬਣ ਦੇ ਸਮੇਂ ਨਾਰਮਲ ਅੱਖਾਂ ਨਾਲ ਦਿਸਣ ਵਾਲੇ ਹਰ 14 ਤਾਰਿਆਂ ਵਿੱਚੋਂ ਇੱਕ ਅਸਲ ਵਿੱਚ ਕੋਈ ਸੈਟੇਲਾਈਟ ਹੋਵੇਗਾ।

ਯੂਨੀਵਰਸਿਟੀ ਆਫ ਵਾਸ਼ਿੰਗਟਨ ਦੇ ਵਿਗਿਆਨੀ ਕਹਿੰਦੇ ਹਨ, 'ਕੁਝ ਸਾਲਾਂ ਵਿੱਚ ਹਜ਼ਾਰਾਂ ਨਵੇਂ ਸੈਟੇਲਾਈਟ ਛੱਡੇ ਜਾਣਗੇ। ਇਸ ਨਾਲ ਸਥਿਤੀ ਖਤਰਨਾਕ ਹੋ ਸਕਦੀ ਹੈ।" ਕੈਨੇਡਾ ਵਿਚਲੀ ਯੂਨੀਵਰਸਿਟੀ ਆਫ ਰੇਜਿਨਾ ਦੀ ਐਸਟ੍ਰੋਨਾਮਰ ਕਹਿੰਦੀ ਹੈ, ''ਸੈਟੇਲਾਈਟ ਦੀ ਭੀੜ ਕਾਰਨ ਪੁਲਾੜੀ ਚੀਜ਼ਾਂ ਦੀ ਬਜਾਏ ਪੂਰੀ ਆਕਾਸ਼ਗੰਗਾ ਦਾ ਸਰਵੇ ਕਰਨ ਵਾਲੀਆਂ ਅਬਜ਼ਰਵੇਟਰੀਆਂ ਪ੍ਰਭਾਵਤ ਹੋ ਰਹੀਆਂ ਹਨ। ਕੈਲੀਫੋਰਨੀਆ ਦੇ ਪਾਲੋਮਰ ਪਰਬਤ ਉੱਤੇ 1.2 ਮੀਟਰ ਦੇ ਟੈਲੀਸਕੋਪ ਦੀ ਆਬਜ਼ਰਵੇਟਰੀ ਨੇ ਅਗਸਤ 2021 ਵਿੱਚ ਜੋ ਫੋਟੋ ਲਈਆਂ, ਉਨ੍ਹਾਂ ਫੋਟੋਜ਼ ਵਿੱਚੋਂ 18 ਫੀਸਦੀ ਵਿੱਚ ਸੈਟੇਲਾਈਟ ਦੀਆਂ ਚਮਕੀਲੀਆਂ ਲਕੀਰਾਂ ਸਨ। ਇਸ ਅਪ੍ਰੈਲ 2022 ਦੀਆਂ ਫੋਟੋਵਿੱਚ 25 ਫੀਸਦੀ ਫੋਟੋਚਮਕੀਲੀਆਂ ਸਨ।ਸੈਟੇਲਾਈਟ ਕੰਪਨੀਆਂ ਹਾਲੇ ਤਕ ਇਸ ਸਮੱਸਿਆ ਦਾ ਹੱਲ ਨਹੀਂ ਲੱਭ ਸਕੀਆਂ। ਸਪੇਸ ਐਕਸ ਨੇ ਇਸ ਪੱਖੋਂ ਕੋਸ਼ਿਸ਼ ਕੀਤੀ ਹੈ ਅਤੇ ਉਹ ਆਪਣੇ ਸੈਟੇਲਾਈਟ ਉਤੇ ਅਜਿਹੀ ਪਰਤ ਚੜ੍ਹਾਉਣ ਲੱਗੀ ਹੈ ਤਾਂ ਕਿ ਰਾਤ ਵਿੱਚ ਉਹ ਸੂਰਜ ਦੀ ਰੋਸ਼ਨੀ ਵਿੱਚ ਨਾ ਚਮਕੇ। ਵਿਗਿਆਨੀਆਂ ਨੇ ਵੀ ਇਸ ਸਮੱਸਿਆ ਦੇ ਹੱਲ ਲਈ ਕੁਝ ਪਹਿਲ ਕੀਤੀ ਹੈ।

## ਬ੍ਰਿਟਿਸ਼ ਜੀਵਨ 'ਚ ਭਾਰਤੀਆਂ ਦਾ ਯੋਗਦਾਨ ਵਧੇਰੇ ਸਾਕਾਰਾਤਮਕ



ਲੰਡਨ, 29 ਮਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਰਹਿੰਦੇ ਵੱਖ-ਵੱਖ ਮੂਲ ਦੇ ਪਰਵਾਸੀਆਂ ਦੇ ਵਿਹਾਰ ਨੂੰ ਪੇਸ਼ ਕਰਦੇ ਇੱਕ ਤਾਜ਼ਾ ਸਰਵੇਖਣ ਵਿੱਚ ਕੁਝ ਦਿਲਚਸਪ ਅੰਕੜੇ ਸਾਹਮਣੇ ਆਏ ਹਨ।

ਯੂ ਗੌਵ ਨੇ 1668 ਯੂ ਕੇ ਵਿਚਲੇ ਅਡਲਟ ਲੋਕਾਂ ਨੂੰ ਪੁੱਛਿਆ ਕਿ ਕੀ ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਪਰਵਾਸੀਆਂ ਨੇ ਬ੍ਰਿਟਿਸ਼ ਜੀਵਨ ਵਿੱਚ ਸਕਾਰਾਤਮਕ ਜਾਂ ਨਕਾਰਾਤਮਕ ਯੋਗਦਾਨ ਪਾਇਆ ਹੈ ਤਾਂ ਇਸ ਵਿੱਚ ਭਾਰਤ ਤੋਂ ਆਏ ਪਰਵਾਸੀਆਂ ਨੇ +25 ਦਾ ਵੱਡਾ ਸਕਾਰਾਤਮਕ ਥਾਂ ਪ੍ਰਾਪਤ ਕੀਤਾ ਹੈ, ਜਦ ਕਿ ਬੰਗਲਾ ਦੇਸ਼ੀਆਂ ਦਾ ਕੁੱਲ ਅੰਕੜਾ -3 ਅਤੇ ਪਾਕਿਸਤਾਨੀਆਂ ਦਾ -4 ਹੈ। ਇਹ ਅੰਕੜੇ ਇਤਿਹਾਸਕ, ਆਰਥਿਕ, ਸਮਾਜਕ ਤੇ ਧਾਰਮਿਕ ਆਧਾਰ ਉਤੇ ਪੇਸ਼ ਕੀਤੇ ਗਏ ਸਨ। ਸਥਿਰ ਭਾਰਤੀ ਪਰਵਾਸ ਦਾ ਪ੍ਰਵਾਹ 1950 ਦੇ ਦਹਾਕੇ ਵਿੱਚ ਸ਼ੁਰੂ ਹੋਇਆ ਸੀ।ਸਿਆਸੀ ਤੌਰ ਉੱਤੇ ਅਸੰਤੁਸ਼ਟ ਪੰਜਾਬੀ ਸਿੱਖਾਂ ਦੀ ਇੱਕ ਮਹੱਤਵਪੂਰਨ ਗਿਣਤੀ ਦੇ ਨਾਲ ਇਸ ਪ੍ਰਵਾਹ ਵਿੱਚ ਵਧੇਰੇ ਪੜ੍ਹੇ-ਲਿਖੇ ਗੁਜਰਾਤੀ ਪਰਵਾਸੀ ਵੀ ਸ਼ਾਮਲ ਸਨ। 1970 ਦੇ ਦਹਾਕੇ ਵਿੱਚ ਭਾਰਤੀ ਮੂਲ ਦੇ ਬਹੁਤ ਸਾਰੇ ਪਰਵਾਸੀਆਂ ਨੇ ਯੁਗਾਂਡਾ ਤੋਂ ਕੱਢੇ ਜਾਣ ਪਿੱਛੋਂ ਯੂ ਕੇ ਵਿੱਚ ਸ਼ਰਨ ਮੰਗੀ ਸੀ। ਪੂਰਬੀ ਅਫਰੀਕਾ ਤੋਂ ਭਾਰਤੀ ਪਰਵਾਸ ਦੀ ਧਾਰਾ ਵਿੱਚ ਕੀਨੀਆ ਤੋਂ ਵਿਤਕਰੇ ਕਾਰਨ ਆਉਣ ਵਾਲੇ ਲੋਕ ਵੀ ਸਨ। ਇਨ੍ਹਾਂ ਪਰਵਾਸੀਆਂ ਦਾ ਵੱਡਾ ਹਿੱਸਾ ਪੜ੍ਹੇ-ਲਿਖੇ ਤੇ ਪੇਸ਼ੇਵਰਾਂ ਦਾ ਸੀ। ਉਨ੍ਹਾਂ ਦੇ ਕੱਢੇ ਜਾਣ ਪਿੱਛੋਂ ਈਦੀ ਅਮੀਨ ਦੀ ਤਾਨਾਸ਼ਾਹੀ ਹੇਠ ਯੁਗਾਂਡਾ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਟੁੱਟ ਗਈ ਸੀ। ਯੁਗਾਂਡਾ ਤੋਂ ਆਏ ਭਾਰਤੀਆਂ ਨੇ ਸਮੂਹਿਕ ਤੌਰ ਉੱਤੇ ਬਰਤਾਨਵੀ ਸਫਲਤਾ ਦੀ ਕਹਾਣੀ ਲਿਖੀ।

## ਆਨਲਾਈਨ ਹੈਲੀਕਾਪਟਰ ਟਿਕਟ ਦੇ ਨਾਂਅ ਉੱਤੇ ਯਾਤਰੀ ਤੋਂ 23000 ਠੱਗੇ





ਰੁਦਰਪ੍ਰਯਾਗ, 29 ਮਈ (ਪੋਸਟ ਬਿਊਰੋ)- ਕੇਦਾਰਨਾਥ ਯਾਤਰਾ ਉੱਤੇ ਆਉਣ ਵਾਲੇ ਯਾਤਰੀ ਆਏ ਦਿਨ ਆਨਲਾਈਨ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਕੱਲ੍ਹ ਉਤਰ ਪ੍ਰਦੇਸ਼ ਦੇ ਇੱਕ ਯਾਤਰੀ ਤੋਂ ਹੈਲੀਕਾਪਟਰ ਟਿਕਟ ਦੇ ਨਾਂਅ ਉੱਤੇ 23000 ਰੁਪਏ ਦੀ ਠੱਗੀ ਕਰ ਲਈ ਜਾਣ ਦੀ ਖਬਰ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਲਖੀਮਪੁਰ ਖੀਰੀ (ਉਤਰ ਪ੍ਰਦੇਸ਼) ਦੇ ਅਨੁਰਾਗ ਸਹਿਗਲ ਚਾਰਧਾਮ ਯਾਤਰਾ ਲਈ ਆਏ ਸਨ। ਉਨ੍ਹਾਂ ਨੇ ਪਵਨ ਹੰਸ ਦੇ ਨਾਂਅ ਉਤੇ ਬਣੀ ਵੈਬਸਾਈਟਤੋਂ ਕੇਦਾਰਨਾਥ ਧਾਮ ਲਈ ਆਨਲਾਈਨ ਹੈਲੀ ਟਿਕਟ ਬੁਕ ਕੀਤਾ ਅਤੇ 5860 ਰੁਪਏ ਪ੍ਰਤੀ ਟਿਕਟ ਦੇ ਹਿਸਾਬ 23440 ਰੁਪਏ ਆਨਲਾਈਨ ਟਰਾਂਸਫਰ ਕੀਤੇ। ਇਸ ਮਗਰੋਂ ਏਜੰਟ ਨੇ ਦੱਸਿਆ ਕਿ 16000 ਰੁਪਏ ਟੂਰਿਜ਼ਮ ਡਿਪਾਰਟਮੈਂਟ ਨੂੰ ਦੇਣ ਪਿੱਛੋਂ ਟਿਕਟ ਮਿਲਣਗੇ। ਉਨ੍ਹਾਂ ਦੇ ਵਾਰ-ਵਾਰ ਫੋਨ ਕਰਨ ਉੱਤੇ ਵੀ ਟਿਕਟ ਨਹੀਂ ਦਿੱਤੇ ਗਏ। ਸਹਿਗਲ ਨੇ ਸ਼ੱਕ ਹੋਣ ਉੱਤੇ ਏਜੰਟ ਤੋਂ ਟਿਕਟ ਦੀ ਰਕਮ ਵਾਪਸ ਮੰਗਣੀ ਚਾਹੀ, ਪਰ ਏਜੰਟ ਵੱਲੋਂ 16000 ਰੁਪਏ ਹੋਰ ਭੇਜਣ ਦੇ ਬਾਅਦ ਸਾਰੇ ਪੈਸੇ ਵਾਪਸ ਕਰਨ ਦੀ ਗੱਲ ਕਹੀ ਗਈ।ਪੀੜਤ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਹੈ। ਇਸ ਪਿੱਛੋਂ ਐਸ ਪੀ ਨੇ ਅਪੀਲ ਕੀਤੀ ਹੈ ਕਿ ਯਾਤਰੀ ਕਿਸੇ ਵੀ ਕੰਪਨੀ ਦੀ ਸਾਈਟ (ਪੋਰਟਲ) ਦੇ ਝਾਂਸੇ ਵਿੱਚ ਆ ਕੇ ਟਿਕਟ ਨਾ ਖਰੀਦਣ। ਸਿਰਫ ਗੜਵਾਲ ਮੰਡਲ ਵਿਕਾਸ ਨਿਗਮ ਦੀ ਆਫੀਸ਼ਲ ਸਾਈਟ ਉੱਤੇ ਹੀ ਆਨਲਾਈਨ ਜਾਂ ਆਫਲਾਈਨ ਅਪਲਾਈ ਕਰਨ।


ਇਸੇ ਤਰ੍ਹਾਂਹੀ ਗੋਪੇਸ਼ਵਰ (ਮਹਾਰਾਸ਼ਟਰ) ਵਾਸੀ ਯਾਤਰੀ ਤੋਂ ਬਦਰੀਨਾਥ ਧਾਮ ਵਿੱਚ ਆਨਲਾਈਨ ਕਮਰਾ ਬੁੱਕ ਕਰਨ ਦੇ ਨਾਂਅ ਉੱਤੇ ਠੱਗੀ ਦੀ ਗੱਲ ਪਤਾ ਲੱਗੀ ਹੈ। ਪੀੜਤ ਨੇ ਥਾਣਾ ਬਦਰੀਨਾਥ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਮੋਹਿੰਦਰ ਸਿੰਘ ਨੇ ਦੱਸਿਆ ਕਿ ਕਮਰੇ ਦੀ ਬੁਕਿੰਗ ਲਈ ਉਨ੍ਹਾਂ ਨੇ 6000 ਦੀ ਰਕਮ ਦਾ ਭੁਗਤਾਨ ਕੀਤਾ ਸੀ, ਪਰ ਧਾਮ ਵਿੱਚ ਪੁੱਜਣ ਉੱਤੇ ਹੋਟਲ ਮਾਲਕ ਨੇ ਉਨ੍ਹਾਂ ਦੇ ਨਾਂਅ ਉੱਤੇ ਕਮਰਾ ਬੁੱਕ ਹੋਣ ਤੋਂ ਇਨਕਾਰ ਕੀਤਾ। ਥਾਣਾ ਮੁਖੀ ਨੇ ਕਿਹਾ ਕਿ ਜਲਦੀ ਹੀ ਠੱਗੀ ਕਰਨ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਜਾਏਗਾ।

## ਸਕੀਆਂ ਭੈਣਾਂਦੇ ਦੋ ਬੱਚਿਆਂ ਦੀਆਂ ਲਾਸ਼ਾਂ ਖੂਹ ਵਿੱਚੋਂ ਮਿਲੀਆਂ



ਜੈਪੁਰ, 29 ਮਈ (ਪੋਸਟ ਬਿਊਰੋ)- ਰਾਜਸਥਾਨ ਦੇ ਦੂਦੂ ਇਲਾਕੇ ਵਿੱਚ ਇੱਕ ਖੂਹ ਤੋਂ ਪਰਵਾਰ ਦੇ ਪੰਜ ਜੀਆਂ, ਜਿਨ੍ਹਾਂ ਵਿੱਚ ਦੋ ਗਰਭਵਤੀ ਔਰਤਾਂ ਅਤੇ ਇੱਕ ਵੀਹ ਦਿਨਾਂ ਦਾ ਬੱਚਾ ਸ਼ਾਮਲ ਸੀ, ਦੀਆਂ ਲਾਸ਼ਾਂ ਮਿਲੀਆਂ ਹਨ।

ਪੁਲਸ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਤਿੰਨ ਸਕੀਆਂ ਭੈਣਾਂ ਸ਼ਾਮਲ ਸਨ, ਜੋ ਛੋਟੀ ਉਮਰ ਵਿੱਚ ਇੱਕੋ ਪਰਵਾਰ ਵਿੱਚ ਵਿਆਹੀਆਂ ਗਈਆਂ ਸਨ ਅਤੇ ਉਨ੍ਹਾਂ ਦੇ ਦੋ ਬੱਚੇ ਸਨ। ਉਹ ਬੀਤੇ ਚਾਰ ਦਿਨਾਂ ਤੋਂ ਲਾਪਤਾ ਸਨ ਤੇ 25 ਮਈ ਨੂੰ ਬਾਜ਼ਾਰ ਜਾਣ ਦਾ ਕਹਿ ਕੇ ਘਰੋਂ ਗਈਆਂਮੁੜੀਆਂ ਨਹੀਂ ਸਨ। ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੇ ਵੱਖ-ਵੱਖ ਇਲਾਕਿਆਂ ਵਿੱਚ ਉਨ੍ਹਾਂ ਦੀ ਗੁੰਮਸ਼ੁਦਗੀ ਦੇ ਪੋਸਟਰ ਲਾਏ ਅਤੇ ਸ਼ਿਕਾਇਤ ਵੀ ਦਰਜ ਕਰਵਾਈ।ਇਲਾਕੇ ਦੇ ਐਸ ਐਚ ਓ ਨੇ ਕਿਹਾ ਕਿ ਲਾਸ਼ਾਂ ਨੂੰ ਖੂਹ ਵਿੱਚੋਂ ਬਾਹਰ ਕੱਢਣ ਪਿੱਛੋਂ ਪੋਸਟਮਾਰਟਮ ਕਰਵਾ ਕੇ ਅੰਤਿਮ ਸਸਕਾਰ ਕਰ ਦਿੱਤਾ ਹੈ। ਲੜਕੀਆਂ ਦੇ ਪਰਵਾਰਕ ਮੈਂਬਰਾਂ ਨੇ ਸਹੁਰੇ ਪਰਵਾਰ ਖਿਲਾਫ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਦਾ ਮਾਮਲਾ ਦਰਜ ਕਰਵਾਇਆ ਹੈ। ਲੜਕੀਆਂ ਦੇ ਸਹੁਰੇ ਪਰਵਾਰ ਦੇ ਕੁਝ ਮੈਂਬਰਾਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ।



# ਭਾਰਤ-ਬ੍ਰਿਟੇਨ ਸੰਬੰਧਾਂ ਵਿੱਚ ਵਿਦਿਆਰਥੀ ਅਹਿਮ ਕੜੀ: ਐਲਿਸ



ਚੰਡੀਗੜ੍ਹ, 29 ਮਈ (ਪੋਸਟ ਬਿਊਰੋ)- ਬ੍ਰਿਟਿਸ਼ਹਾਈ ਕਮਿਸ਼ਨਰ ਅਲੈਕਸ ਐਲਿਸ ਨੇ ਕੱਲ੍ਹ ਏਥੇ ਕਿਹਾ ਕਿ ਭਾਰਤ ਤੇ ਬ੍ਰਿਟੇਨ ਵਿਚਾਲੇ ਵਿਦਿਆਰਥੀ ਅਹਿਮ ਕੜੀ ਹਨ ਤੇ ਉਹ ਪੰਜਾਬ ਨਾਲ ਸੰਬੰਧ ਵਧਾਉਣ ਨੂੰ ਪਹਿਲ ਦੇਣਗੇ।

ਹਾਈ ਕਮਿਸ਼ਨਰ ਅਲੈਕਸ ਐਲਿਸਨੇ ਕੱਲ੍ਹ ਇੱਥੇ ਗੱਲਬਾਤ ਵਿੱਚ ਕਿਹਾ, 'ਗਿਆਨ ਖੇਤਰ ਵਿੱਚ ਵਿਦਿਆਰਥੀ ਸਾਡੇ ਲਈ ਸਭ ਤੋਂ ਅਹਿਮ ਕੜੀ ਹਨ। ਗਿਆਨ ਵੰਡਣ ਨਾਲ ਖੋਜ, ਨਿਵੇਸ਼, ਸੈਰ ਸਪਾਟਾ ਅਤੇ ਹੋਰ ਖੇਤਰਾਂ ਵਿੱਚ ਕੰਮ ਦੀ ਸੇਧ ਮਿਲਦੀ ਹੈ। ਅਸੀਂ ਸਿੱਖਿਆ ਖੇਤਰ ਵਿੱਚ ਆਪਣੇ ਸੰਬੰਧ ਵੱਧ ਤੋਂ ਵੱਧ ਉਤਸ਼ਾਹਤ ਕਰਨਾ ਚਾਹੁੰਦੇ ਹਾਂ।' ਉਨ੍ਹਾਂ ਭਾਰਤ ਤੇ ਬ੍ਰਿਟੇਨ ਵਿਚਾਲੇ ਖੇਤੀ, ਸੂਚਨਾ ਤਕਨੀਕ, ਫੂਡ ਪ੍ਰੋਸੈਸਿੰਗ, ਉਚ ਸਿੱਖਿਆ, ਖੇਡਾਂ, ਜਨਤਕ ਆਵਾਜਾਈ ਅਤੇ ਬਾਇਓਮਾਸ ਸੈਕਟਰ ਦੇ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਦਿੱਤੀ।

ਪੰਜਾਬ ਨਾਲ ਬ੍ਰਿਟੇਨ ਦੇ ਸੰਬੰਧਾਂ ਬਾਰੇ ਹਾਈ ਕਮਿਸ਼ਨਰ ਅਲੈਕਸ ਐਲਿਸ ਕਿਹਾ, "ਬ੍ਰਿਟੇਨ ਤੇ ਪੰਜਾਬ ਵਿਚਾਲੇ ਬਹੁਤ ਪੁਰਾਣੇ ਰਿਸ਼ਤੇ ਹਨ। ਬ੍ਰਿਟੇਨ ਵਿੱਚ ਕਰੀਬ ਛੇ ਲੱਖ ਦੇ ਕਰੀਬ ਪੰਜਾਬੀ ਮੂਲ ਦੇ ਲੋਕ ਹਨ ਅਤੇ ਸਾਡੇ ਵਿੱਤ ਮੰਤਰੀ ਰਿਸ਼ੀ ਸੁਨਕ ਦੇ ਦਾਦਕੇ-ਨਾਨਕੇ ਦੋਵੇਂ ਪੰਜਾਬ ਤੋਂ ਹਨ। ਸਾਨੂੰ ਭਵਿੱਖ ਵੱਲ ਦੇਖਣ ਦੀ ਲੋੜ ਹੈ।" ਬ੍ਰਿਟੇਨ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧਣ ਬਾਰੇ ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਲਈ ਕੰਮ ਕਰਨ ਦੇ ਨਿਯਮਾਂ ਵਿੱਚ ਢਿੱਲ ਦੇ ਦਿੱਤੀ ਹੈ। ਪੰਜਾਬ ਵਿੱਚ ਨਿਵੇਸ਼ ਬਾਰੇ ਉਨ੍ਹਾਂ ਕਿਹਾ, 'ਕੱਲ੍ਹ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਮੌਕੇ ਸਿੱਖਿਆ ਨੂੰ ਨਿਵੇਸ਼ ਨਾਲ ਜੋੜਨ ਬਾਰੇ ਚਰਚਾ ਹੋਈ ਹੈ।' ਉਨ੍ਹਾਂ ਕਿਹਾ ਕਿ ਉਹ ਭਾਰਤ ਵਿੱਚ ਨਵੀਆਂ ਤਕਨੀਕਾਂ ਤੇ ਖਾਸ ਤੌਰ ਉੱਤੇ ਖੇਤੀ ਵਾਲੀ ਤਕਨੀਕ ਦੇ ਖੇਤਰ ਵਿੱਚ ਨਿਵੇਸ਼ ਬਾਰੇ ਸੋਚ ਰਹੇ ਹਨ। ਉਨ੍ਹਾਂ ਕਿਹਾ ਕਿ ਬ੍ਰਿਟੇਨ ਨੇ ਭਾਰਤ ਵਿੱਚ ਬਿਜਲਈ ਬੱਸਾਂ ਸਮੇਤ ਈ-ਵਾਹਨਾਂ ਦੇ ਖੇਤਰ ਵਿੱਚ ਜ਼ਿਕਰਯੋਗ ਨਿਵੇਸ਼ ਕੀਤਾ ਹੈ ਅਤੇ ਪੰਜਾਬ ਨੂੰ ਇਸ ਤੋਂ ਵੱਡਾ ਲਾਹਾ ਮਿਲੇਗਾ। ਉਨ੍ਹਾਂ ਕਿਹਾ ਕਿ ਬ੍ਰਿਟਿਸ਼ ਤਕਨੀਕ ਨਾਲ ਪੰਜਾਬੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਆਪਣਾ ਹੁਨਰ ਉਭਾਰਨ ਵਾਸਤੇ ਮੌਕਾ ਮਿਲੇਗਾ ਅਤੇ ਪੰਜਾਬ ਦੇ ਖੇਤੀਬਾੜੀ ਸੈਕਟਰ ਨੂੰ ਉਨ੍ਹਾਂ ਦੀ ਤਕਨੀਕ ਨਾਲ ਜੁੜ ਕੇ ਅੱਗੇ ਵਧਣ ਦੇ ਮੌਕੇ ਵੀ ਹਨ।

ਮੁੱਖ ਮੰਤਰੀ ਪੰਜਾਬ ਨਾਲ ਕਾਰੋਬਾਰੀ ਨਿਵੇਸ਼ ਦੀ ਚਰਚਾ ਬਾਰੇ ਉਨ੍ਹਾਂ ਕਿਹਾ, 'ਅਸੀਂ ਇੱਥੇ ਖੇਤੀ ਬਾਰੇ ਕੰਪਨੀਆਂ ਲਈ ਸੰਭਾਵਨਾਵਾਂ ਦੇਖਣ ਲਈ ਖੇਤੀ ਤਕਨੀਕ ਮਿਸ਼ਨ ਭੇਜਣਾ ਚਾਹਾਂਗੇ। ਅਗਲੇ ਦੋ ਹਫਤਿਆਂ ਅੰਦਰਬ੍ਰਿਟੇਨ ਦੀਆਂ ਸਭ ਤੋਂ ਵੱਡੀਆਂ ਯੂਨੀਵਰਸਿਟੀਆਂਤੋਂ ਇੱਕ ਗਰੁੱਪ ਭਾਰਤ ਆ ਰਿਹਾ ਹੈ ਅਤੇ ਪੰਜਾਬ ਦੀਆਂ ਕੁਝ ਚੰਗੀਆਂ ਯੂਨੀਵਰਸਿਟੀਆਂ ਨਾਲ ਵੀ ਅਸੀਂ ਕੁਝ ਸਮਝੌਤੇ ਕਰਨ ਬਾਰੇ ਸੋਚਾਂਗੇ।' ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿੱਚ ਖੇਡਾਂ ਦੀਆਂ ਸੰਭਾਵਨਾਵਾਂ ਵੀ ਉਭਾਰਨਾ ਚਾਹੁਣਗੇ। ਹਾਈ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਵਿੱਚ ਖੇਡਾਂ ਦੀ ਅਮੀਰ ਵਿਰਾਸਤ ਰਹੀ ਹੈ। ਉਹ ਜੁਲਾਈ ਦੇ ਅਖੀਰ ਤੇ ਅਗਸਤ ਦੇ ਸ਼ੁਰੂ ਵਿੱਚ ਬਰਮਿੰਘਮ ਵਿੱਚ ਕਾਮਨਵੈਲਥ ਖੇਡਾਂ ਕਰਵਾਉਣਗੇ। ਉਨ੍ਹਾਂ ਕਿਹਾ, 'ਮੈਂ ਮੁੱਖ ਮੰਤਰੀ ਨੂੰ ਇਨ੍ਹਾਂ ਖੇਡਾਂ ਵਿੱਚ ਪੰਜਾਬੀਆਂ ਨੂੰ ਭੇਜਣ ਨੂੰ ਕਿਹਾ ਹੈ।' ਉਨ੍ਹਾਂ ਕਿਹਾ ਕਿ ਉਹ ਪੰਜਾਬ ਅਤੇ ਬ੍ਰਿਟੇਨ ਵਿਚਾਲੇ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਵੀ ਲੱਭ ਰਹੇ ਹਨ।

# ਮੱਧ ਪ੍ਰਦੇਸ਼ 'ਚ ਸਿਕਲੀਗਰ ਭਾਈਚਾਰੇ ਨਾਲ ਧੱਕੇਸ਼ਾਹੀ ਸਿੱਖਾਂ ਲਈ ਚਿੰਤਾ ਦਾ ਵਿਸ਼ਾ : ਪ੍ਰੋ: ਸਰਚਾਂਦ ਸਿੰਘ ਖਿਆਲਾ

***ਪਿੰਡ ਬਾਗਲੀ ਦੇ ਸਿਕਲੀਗਰ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਗ੍ਰਹਿ ਮੰਤਰੀ ਦੇ ਦਖਲ ਦੀ ਮੰਗ**



ਅੰਮ੍ਰਿਤਸਰ, 29 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਦੇਵਾਸ ਜ਼ਿਲ੍ਹੇ ਦੇ ਪਿੰਡ ਬਾਗਲੀ ਵਿੱਚ ਸਿਕਲੀਗਰ ਭਾਈਚਾਰੇ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਚੇਅਰਮੈਨ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਨੂੰ ਪੱਤਰ ਲਿਖ ਕੇ ਅਪੀਲ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਸਿੱਖ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਸਿਕਲੀਗਰ ਭਾਈਚਾਰਾ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਇਸ ਸਮੇਂ ਮੱਧ ਪ੍ਰਦੇਸ਼ ਦੇ ਦੇਵਾਸ ਜ਼ਿਲ੍ਹੇ ਦੇ ਬਾਗਲੀ ਪਿੰਡ ਵਿੱਚ ਇਕ ਮਾਮੂਲੀ ਝਗੜੇ ਨੂੰ ਲੈ ਕੇ ਸਿੱਖ ਭਾਈਚਾਰੇ ਨਾਲ ਸਬੰਧਿਤ ਸਿਕਲੀਗਰ ਭਾਈਚਾਰੇ ਦੇ ਮੈਂਬਰਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਕਈਆਂ ਨੂੰ ਪੁਲਿਸ ਵੱਲੋਂ ਹਿਰਾਸਤ ਵਿਚ ਲੈ ਲਿਆ ਗਿਆ। ਸਿਕਲੀਗਰ ਭਰਾਵਾਂ ਦਾ ਬੀਤੀ ਰਾਤ ਤੋਂ ਕੁਝ ਅਨਸਰਾਂ ਵੱਲੋਂ ਪਿੱਛਾ ਕੀਤਾ ਜਾ ਰਿਹਾ ਹੈ। ਸਿਕਲੀਗਰਾਂ ਦੀਆਂ ਕੁਝ ਮਾਵਾਂ-ਭੈਣਾਂ ਨੂੰ ਬੇਰਹਿਮੀ ਨਾਲ ਕੁੱਟਿਆ ਮਾਰਿਆ ਗਿਆ ਅਤੇ ਅੱਜ ਵੀ ਜੰਗਲਾਂ ਵਿੱਚ ਲੁਕਣ ਲਈ ਮਜਬੂਰ ਹਨ। ਉੱਥੋਂ ਦਾ ਪੁਲਿਸ ਪ੍ਰਸ਼ਾਸਨ ਸਿਕਲੀਗਰ ਭਾਈਚਾਰੇ 'ਤੇ ਹੋ ਰਹੇ ਜ਼ੁਲਮਾਂ ਨੂੰ ਮੂਕ ਦਰਸ਼ਕ ਬਣ ਕੇ ਹੀ ਨਹੀਂ ਦੇਖ ਰਿਹਾ ਸਗੋਂ ਜ਼ਬਰ ਕਰਨ ਵਾਲਿਆਂ ਦਾ ਸਾਥ ਦੇ ਰਿਹਾ ਹੈ। ਇਸ ਨੂੰ ਲੈ ਕੇ ਸਿੱਖ ਕੌਮ ਵਿੱਚ ਡੂੰਘੀ ਚਿੰਤਾ ਹੈ। ਸਿੱਖ ਸਿਕਲੀਗਰ ਭਾਈਚਾਰੇ ਦੇ ਕੁਝ ਆਗੂਆਂ ਨੇ ਪਿੰਡ ਬਗਲੀ ਦੇ ਸਿਕਲੀਗਰ ਭਾਈਚਾਰੇ ਅਤੇ ਉਨ੍ਹਾਂ ਦੀਆਂ ਨੂੰਹਾਂ-ਭੈਣਾਂ ਨਾਲ ਹੋ ਰਹੀ ਬੇਇਨਸਾਫ਼ੀ ਬਾਰੇ ਸਥਾਨਕ ਪੁਲਿਸ ਪ੍ਰਸ਼ਾਸਨ ਨਾਲ ਗੱਲ ਕੀਤੀ . ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਸਿਕਲੀਗਰਾਂ ਨੂੰ ਸੁਰੱਖਿਆ ਦੇਣ ਦੀ ਮੰਗ ਕੀਤੀ। ਪਰ ਨਾ ਤਾਂ ਪੁਲਿਸ ਉਨ੍ਹਾਂ ਦੀ ਕੋਈ ਗਲ ਸੁਣ ਰਹੀ ਹੈ ਅਤੇ ਨਾ ਹੀ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਕੀਤੀ ਜਾ ਰਹੀ ਹੈ . ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ , ਘਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ: ਇਕਬਾਲ ਸਿੰਘ ਲਾਲਪੁਰਾ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਮਾਮਲੇ 'ਚ ਤੁਰੰਤ ਦਖ਼ਲ ਦਿੰਦਿਆਂ ਮੱਧ ਪ੍ਰਦੇਸ਼ ਦੇ ਪਿੰਡ ਬਾਗਲੀ ਦੇ ਸਿਕਲੀਗਰ ਸਿੱਖਾਂ ਨੂੰ ਇਨਸਾਫ਼ ਦੇਣ ਅਤੇ ਉਨ੍ਹਾਂ ਦੀ ਜਾਨ ਮਾਲ ਦੀ ਰਾਖੀ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





Marriage
## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202



## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769









## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post






## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ





647-998-7500 ਬਲਵਿੰਦਰ




# ਦਿਵਿਆਂਗ ਲੜਕੀ ਨੂੰ ਕੰਪਿਊਟਰ ਟੀਚਰ ਦੀ ਨੌਕਰੀ ਦਾ ਝਾਂਸਾ ਦੇ ਕੇ ਤਿੰਨ ਲੱਖ ਠੱਗੇ

ਜਲੰਧਰ, 29 ਮਈ (ਪੋਸਟ ਬਿਊਰੋ)- ਬਸਤੀ ਸ਼ੇਖ਼ ਦੇ ਜੈਨਾ ਨਗਰ ਵਿੱਚ ਰਹਿੰਦੀ ਪੰਜਾਹ ਸਾਲ ਦੀ ਪੂਨਮ ਰਾਣੀ ਦੀ ਦਿਵਿਆਂਗ ਬੇਟੀ ਨੂੰ ਕੰਪਿਊਟਰ ਟੀਚਰ ਦੀ ਨੌਕਰੀ ਦਿਵਾਉਣ ਦੇ ਝਾਂਸੇ ਨਾਲ ਤਿੰਨ ਲੱਖ ਦੀ ਠੱਗੀਕਰਨ ਬਦਲੇ ਥਾਣਾ-5 ਵਿੱਚ ਬਸਤੀ ਸ਼ੇਖ਼ ਦੇ ਉਜਾਲਾ ਨਗਰ ਦੇ ਭੁਪਿੰਦਰ ਸਿੰਘ ਛਾਬੜਾ ਉੱਤੇ ਕੇਸ ਦਰਜ ਕੀਤਾ ਗਿਆ ਹੈ।

ਸੁਖਦੇਵ ਰਾਜ ਨੇ ਦੱਸਿਆ ਕਿ ਉਸ ਦੀ ਦਿਵਿਆਂਗ ਬੇਟੀ ਸਲੋਨੀ ਨੇ ਬੀ ਸੀ ਏ ਕੀਤੀ ਹੈ ਅਤੇ ਉਹ ਘਰ ਵਿੱਚ ਹੀ ਟਿਊਸ਼ਨ ਪੜ੍ਹਾਉਂਦੀ ਹੈ। ਇਸ ਇਲਾਕੇ ਦੀ ਸਰਬਜੀਤ ਕੌਰ ਦੇ ਰਾਹੀਂ ਬੇਟੀ ਨੂੰ ਕੰਪਿਊਟਰ ਟੀਚਰ ਲਵਾਉਣ ਲਈ ਉਨ੍ਹਾਂ ਦੀ ਭੁਪਿੰਦਰ ਸਿੰਘ ਨਾਲ ਗੱਲ ਹੋਈ ਤਾਂ ਭੁਪਿੰਦਰ ਨੇ ਕਿਹਾ ਸੀ ਕਿ ਉਸ ਦੀ ਸਿੱਖਿਆ ਵਿਭਾਗ ਵਿੱਚ ਸੈਟਿੰਗ ਹੈ ਤੇ ਉਹ ਉਨ੍ਹਾਂ ਦੀ ਬੇਟੀ ਨੂੰ ਸਰਕਾਰੀ ਨੌਕਰੀ ਲਵਾ ਦੇਵੇਗਾ। ਗਵਾਹ ਸਰਬਜੀਤ ਕੌਰ ਦੀ ਹਾਜ਼ਰੀ ਵਿੱਚ ਐਡਵਾਂਸ ਵਿੱਚ ਵੀਹ ਹਜ਼ਾਰ ਰੁਪਏ ਦਿੱਤੇ ਸਨ, ਤਾਂ ਕਿ ਨੌਕਰੀ ਦੀ ਪ੍ਰਕਿਰਿਆ ਸ਼ੁਰੂ ਹੋ ਸਕੇ। ਸੁਖਦੇਵ ਨੇ ਕਿਹਾ ਕਿ ਭੁਪਿੰਦਰ ਇੰਨਾ ਚਲਾਕ ਸੀ ਕਿ ਉਹ ਉਨ੍ਹਾਂ ਦੀ ਪਤਨੀ, ਬੇਟੀ ਤੇ ਸਰਬਜੀਤ ਕੌਰ ਨੂੰ ਆਪਣੇ ਨਾਲ ਮੋਹਾਲੀ ਵਿੱਚ ਸਿੱਖਿਆ ਵਿਭਾਗ ਦੇ ਦਫਤਰ ਲੈ ਕੇ ਜਾਂਦਾ ਸੀ ਅਤੇ ਉਹ ਲੋਕ ਟੈਕਸੀ ਕਰ ਕੇ ਦਿੰਦੇ ਸਨ। ਭੁਪਿੰਦਰ ਉਨ੍ਹਾਂ ਤੋਂ ਪੈਸੇ ਲੈ ਕੇ ਇਹ ਕਹਿ ਕੇ ਵਿਭਾਗ ਦੇ ਦਫਤਰ ਦੇ ਅੰਦਰ ਜਾਂਦਾ ਸੀ ਕਿ ਉਹ ਵੱਡੇ ਸਾਹਿਬ ਨੂੰ ਮਿਲ ਕੇ ਆਉਂਦਾ ਹੈ, ਪਰ ਕਦੇ ਉਨ੍ਹਾਂ ਦੀ ਪਤਨੀ, ਬੇਟੀ ਅਤੇ ਗਵਾਹ ਨਾਲ ਦਫਤਰ ਵਿੱਚ ਨਹੀਂ ਗਿਆ। ਹੌਲੀ-ਹੌਲੀ ਦੋਸ਼ੀ ਤਿੰਨ ਲੱਖ ਰੁਪਏ ਲੈ ਚੁੱਕਾ ਤਾਂ ਇੱਕ ਲੈਟਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਬੇਟੀ ਦੀ ਨੌਕਰੀ ਲੱਗ ਗਈ ਹੈ। ਲੈਟਰ ਦੀ ਜਾਂਚ ਕਰਾਈ ਤਾਂ ਇਹ ਫਰਜ਼ੀ ਨਿਕਲਿਆ। ਇਸ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਕਿ ਭੁਪਿੰਦਰ ਉਨ੍ਹਾਂ ਨਾਲ ਠੱਗੀ ਕਰ ਚੁੱਕਾ ਹੈ। ਉਸ ਦੇ ਘਰ ਗਏ ਤਾਂ ਉਹ ਨਹੀਂ ਮਿਲਿਆ। ਜਾਂਚ ਦੌਰਾਨ ਆਰਥਿਕ ਅਪਰਾਧ ਸੈਲ ਦੀ ਪੁਲਸ ਭੁਪਿੰਦਰ ਨੂੰ ਵਾਰ-ਵਾਰ ਜਾਂਚ ਲਈ ਬੁਲਾਇਆ, ਪਰ ਉਹ ਨਹੀਂ ਆਇਆ। ਲੰਬੀ ਜਾਂਚ ਦੇ ਬਾਅਦ ਭੁਪਿੰਦਰ ਛਾਬੜਾ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

